SAINI BHAWAN RUPNAGAR
PUNJAB
ਸਰਬਤ ਦਾ ਭਲਾ
Estb. 1971

# ਸੈਣੀ ਸੰਸਾਰ
# Saini Sansar

44
April - June 2022



ਇੱਕ ਬੂਟਾ ਅੰਬੀ ਦਾ
ਘਰ ਸਾਡੇ ਲੱਗਾ ਨੀ।

## ਅੰਦਰ ਪੜ੍ਹੋ

- ਸੈਣੀ ਭਵਨ ਦੀਆਂ ਸਰਗਰਮੀਆਂ
- ਔਰਤਾਂ ਦਾ ਅੰਤਰ-ਰਾਸ਼ਟਰੀ ਦਿਵਸ
- ਬਰਾਦਰੀ ਦੇ ਨਵੇਂ ਪੰਜਾਬ ਵਿਧਾਨ ਸਭਾ ਮੈਂਬਰ
- ਬਹੁਮੁੱਲਾ ਆਮ ਗਿਆਨ
- ਸੈਣੀ ਬਰਾਦਰੀ ਦਾ ਪ੍ਰਸਿੱਧ ਪਿੰਡ
- ਸਿਹਤਮੰਦ ਸਾਹਿਤਕ ਰਚਨਾਵਾਂ
- ਨਰੋਈ ਜੀਵਨ ਜਾਚ
- ਮੈਟਰੀਮੋਨੀਅਲਜ਼

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001
ਮੁੱਲ : 30 ਰੁਪਏ

R.N.I. No. : PUNBIL/2011/48578

Volume - XII, Issue - II

# Saini Sansar

(Quarterly)

April - June 2022

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad | ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 03.04.2022**

# ਸੈਣੀ ਸੰਸਾਰ
(ਤਿਮਾਹੀ)

ਜਿਲਦ 12, ਅੰਕ 2 ਅਪ੍ਰੈਲ - ਜੂਨ 2022

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ
- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਬੂਰ ਨਾਲ ਅੰਬ ਦਾ ਦਰਖਤ

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ - ਪੰਜਾਬੀਆਂ ਦੀ ਸਿਆਸੀ ਕਰਵਟ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਕਹਾਣੀ -ਚੇਤਾਵਨੀ ਅਤੇ ਕਵਿਤਾ | 7-8 |
| ਸੈਣੀ ਬਰਾਦਰੀ ਦੇ ਨਵੇਂ ਪੰਜਾਬ ਅਸੈਂਬਲੀ ਮੈਂਬਰ | 9 |
| ਇਤਿਹਾਸਕ ਜਿੱਤ ਅਤੇ ਨਵੀਆਂ ਜ਼ਿੰਮੇਵਾਰੀਆਂ | 7-9 |
| ਸਭੁ ਕੋ ਮੀਤੁ ਹਮ ਆਪਨ ਕੀਨਾ | 10-11 |
| ਅੰਤਰਰਾਸ਼ਟਰੀ ਮਹਿਲਾ ਦਿਵਸ-ਇੱਕ ਦ੍ਰਿਸ਼ਟੀਕੋਣ | 12 |
| ਔਰਤ ਨਾਲ ਸਮਾਜ ਦਾ ਪੱਖਪਾਤੀ ਵਰਤਾਰਾ | 13-14 |
| ਕਵਿਤਾ | 14 |
| ਸ਼ਰਧਾਂਜਲੀਆਂ | 15 |
| ਅਲੋਪ ਹੋ ਰਿਹਾ ਪੰਛੀ- ਬਟੇਰਾ | 16 |
| ਪਹਿਲਾ ਪਗੜੀਧਾਰੀ ਸਿੱਖ ਪਾਇਲਟ-ਹਰਦਿੱਤ ਸਿੰਘ ਮਲਿਕ | 17 |
| ਗਜ਼ਲ | 18 |
| New Five Years Members & Donors | 19 |
| ਸਿਵਲ ਅਧਿਕਾਰੀ - ਤੇਜਦੀਪ ਸਿੰਘ ਸੈਣੀ | 20 |
| ਕਹਾਣੀ - ਇਹ ਮੇਰਾ ਘਰ ਨਹੀਂ | 21-22 |
| ਰੁੱਖ ਤਾਂ ਮੇਰੀ ਮਾਂ ਵਰਗੇ ਨੇ | 23-24 |
| ਕਹਾਣੀ - ਅੰਬਾਂ ਦਾ ਬੂਰ | 25 |
| ਰੂਸ-ਯੁਕਰੇਨ ਜੰਗ ਨੂੰ ਸੰਬੋਧਿਤ ਨਜ਼ਮ | 26 |
| ਗਇਕੀ ਦੇ ਇੱਕ ਯੁੱਗ ਦਾ ਅੰਤ | 27 |
| ਮਾਨਸਿਕ ਸਿਹਤ | 28-29 |
| ਸੈਣੀ ਬਰਾਦਰੀ ਦਾ ਪ੍ਰਸਿੱਧ ਪਿੰਡ ਭੱਕੂ ਮਾਜਰਾ | 30-31 |
| ਜਾਨ ਦਾ ਖੌਅ - ਗੈਰਮਿਆਰੀ ਵਾਤਾਵਰਣ | 32-33 |
| ਕੁਦਰਤ ਦਾ ਅਨਮੋਲ ਤੋਹਫ਼ਾ - ਹਾਸਾ | 34 |
| Matrimonials | 35-40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ

# ਪੰਜਾਬੀਆਂ ਦੀ ਸਿਆਸੀ ਕਰਵਟ-ਸਵੈਮਾਣ ਦੀ ਤਾਂਘ

ਅਜਮੇਰ ਸਿੰਘ (ਡਾ.)
ਰੂਪਨਗਰ



ਹਾਲੀਆ ਵਿਧਾਨ ਸਭਾ ਚੋਣਾ ਵਿੱਚ ਪੰਜਾਬੀਆਂ ਨੇ ਸਿਆਸਤਦਾਨਾਂ ਨੂੰ ਸਪਸ਼ਟ ਤੇ ਫ਼ੈਸਲਾਕੁੰਨ ਸੁਨੇਹਾ ਦੇ ਕੇ ਇਤਿਹਾਸ ਸਿਰਜ ਦਿੱਤਾ ਹੈ। ਪਿਛਲੇ ਸੱਤਰ ਸਾਲਾਂ ਤੋਂ ਕਾਂਗਰਸ ਅਤੇ ਅਕਾਲੀ ਦਲ ਨੂੰ ਵਾਰੀ ਵਾਰੀ ਸੱਤਾ ਸੌਂਪਦੇ ਆ ਰਹੇ ਲੋਕਾਂ ਨੇ ਆਪਣੇ ਆਪ ਨੂੰ ਫ਼ੰਨੇਖਾਂਹ ਸਮਝਦੇ ਰਾਜਨੀਤਿਕ ਨੇਤਾਵਾਂ ਨੂੰ ਅਜਿਹਾ ਧੋਬੀ ਪਟਕਾ ਮਾਰਿਆ ਹੈ ਕਿ ਇਨ੍ਹਾਂ ਨੂੰ ਮੁੜ ਉੱਠਣ ਲਈ ਸਵੈਪੜਚੋਲ ਕਰ ਕੇ ਦਿਆਨਤਦਾਰੀ ਵੱਲ ਮੁੜਨਾ ਪਵੇਗਾ। ਵੋਟਰਾਂ ਨੇ ਵਿਧਾਨ ਸਭਾ ਦੀਆਂ ਕੁੱਲ 115 ਸੀਟਾਂ ਵਿੱਚੋਂ 92 ਸੀਟਾਂ ਦਸ ਕੁ ਸਾਲ ਪਹਿਲਾਂ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ (ਆਪ), 18 ਸੀਟਾਂ ਦੇਸ਼ ਦੀ ਸਭ ਤੋਂ ਪੁਰਾਣੀ ਰਾਸ਼ਟਰੀ ਪਾਰਟੀ ਕਾਂਗਰਸ, 3 ਸੀਟਾਂ ਪੰਜਾਬ ਦੀ ਨੁਮਾਂਇੰਦਾ ਅਕਾਲੀ ਦਲ ਅਤੇ 1 ਸੀਟ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਪੱਲੇ ਪਾਈਆਂ ਹਨ। ਇਸ ਇਨਕਲਾਬੀ ਤਬਦੀਲੀ ਰਾਹੀਂ ਪੰਜਾਬੀਆਂ ਨੇ 42% ਵੋਟਾਂ ਆਪ ਪਾਰਟੀ ਨੂੰ ਪਾ ਕੇ ਨਵੀਂ ਸਿਆਸੀ ਸਫ਼ਬੰਦੀ ਨੂੰ ਜਨਮ ਦਿੱਤਾ ਹੈ। ਇਹ ਸਿਆਸੀ ਕਰਵਟ ਪੰਜਾਬੀਆਂ ਦੀ ਸਵੈਮਾਣ ਲਈ ਤਾਂਘ ਨੂੰ ਪ੍ਰਗਟ ਕਰਦੀ ਹੈ। ਪੰਜਾਬੀਆਂ ਨੇ ਇਸ ਤਬਦੀਲੀ ਨਾਲ ਸਿਆਸੀ ਸੜਾਂਦ ਨੂੰ ਖਤਮ ਕਰ ਕੇ ਮਹਿਕਦੇ ਅੰਬਰਾਂ ਵੱਲ ਜਾਣ ਦੀ ਉਮੀਦ ਜਾਹਿਰ ਕੀਤੀ ਹੈ। ਇਹ ਨਵੀਂ ਹੋਂਦ ਵਿੱਚ ਆਈ ਵਿਧਾਨ ਸਭਾ ਬਹੁਰੰਗੀ ਹੈ ਜਿਸ ਵਿੱਚ ਹਰ ਵਿੱਦਿਅਕ ਪੱਧਰ ਦੇ ਮਾਹਿਰ, ਤਜ਼ੁਰਬੇਕਾਰ ਸੇਵਾਮੁਕਤ ਅਧਿਕਾਰੀ, ਕਿਸਾਨ ਅਤੇ ਮਜ਼ਦੂਰ ਅਤੇ ਲੋਕ-ਸੇਵਕ ਸ਼ਾਮਿਲ ਹਨ। ਰਾਜਨੀਤਿਕ ਚਾਲਬਾਜ਼ੀਆਂ ਅਤੇ ਜਾਹਲਸਾਜੀਆਂ ਤੋਂ ਕੋਰੇ ਇਨ੍ਹਾਂ ਸਾਧਾਰਨ ਵਿਅਕਤੀਆਂ ਨੇ ਰਵਾਇਤੀ ਪਾਰਟੀਆਂ ਦੇ ਦਿੱਗਜ਼ਾਂ ਨੂੰ ਹਜ਼ਾਰਾਂ ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ ਅਤੇ ਕਈਆਂ ਦੀਆਂ ਜ਼ਮਾਨਤਾਂ ਵੀ ਜਬਤ ਕਰਵਾਈਆਂ ਹਨ।

ਇਹ ਹੈਰਾਨਕੁੰਨ ਤਬਦੀਲੀ ਅਚਾਨਕ ਨਹੀਂ ਆਈ। 1980ਵਿਆਂ ਦੀ ਸਿਆਸਤ ਨੇ ਅਤਿਵਾਦ ਅਤੇ ਸਰਕਾਰੀ ਤਸ਼ੱਦਦ ਨਾਲ ਪੰਜਾਬ ਦੇ ਸਰੀਰ 'ਤੇ ਅਜਿਹੇ ਪੱਛ ਲਾਏ ਜਿਨ੍ਹਾਂ ਦੀ ਪੀੜ ਨੇ ਪੰਜਾਬੀਆਂ ਨੂੰ ਝੰਬ ਸੁੱਟਿਆ। ਸ਼ਾਤਰ ਸਿਆਸਤਦਾਨਾਂ ਨੇ ਪੰਜਾਬੀਆਂ ਦੀ ਲੀਰੋਲੀਰ ਹੋਈ ਆਤਮਾ ਨੂੰ ਨਸ਼ਿਆਂ ਵਿੱਚ ਡੁਬੋ ਕੇ ਮਾਰਨ ਦੀ ਚਾਲ ਚੱਲੀ। ਇਸ ਨਾਲ ਪੰਜਾਬੀਆਂ ਦਾ ਲੱਕ ਟੁੱਟ ਗਿਆ। ਜਦੋਂ ਪੰਜਾਬੀਆਂ ਨੇ ਆਪਣੇ ਪੁੱਤਾਂ-ਧੀਆਂ ਦੀਆਂ ਜ਼ਿੰਦਗੀਆਂ ਨੂੰ ਰੁਲਦੀਆਂ ਦੇਖਿਆ ਤਾਂ ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਵੇਚ ਕੇ ਆਪਣੇ ਦਿਲ ਦੇ ਟੋਟਿਆਂ ਨੂੰ ਵਿਦੇਸ਼ਾਂ ਦੇ ਰਾਹ ਤੋਰਿਆ। ਨੌਜਵਾਨ ਅਤਿ ਦੀ ਨਿਰਾਸ਼ਾ ਅਤੇ ਬੇਉਮੀਦੀ ਦੀ ਹਾਲਤ ਵਿੱਚ ਅਧਮੋਏ ਹੋਣ ਲੱਗੇ। ਮਿਹਨਤਕਸ਼ ਸਵੈਮਾਨੀ ਪੰਜਾਬੀ ਕਿਸਾਨ ਕਰਜ਼ੇ ਹੇਠ ਦੱਬ ਕੇ ਖੁਦਕੁਸ਼ੀਆਂ ਦੇ ਰਾਹ ਪੈ ਗਏ। ਅਜਿਹੇ ਹਾਲਾਤ ਵਿੱਚ ਪੰਜਾਬ ਦੇ ਸਿਆਸਤਦਾਨ ਪੈਸੇ, ਸੱਤਾ ਅਤੇ ਪਰਿਵਾਰ ਦੇ ਮੋਹ ਵਿੱਚ ਏਨੇ ਗਲਤਾਨ ਹੋ ਗਏ ਕਿ ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕਿ ਆਮ ਆਦਮੀ ਜ਼ਲੀਲ ਹੋ ਰਹੇ ਹਨ ਜਿਸ ਦਾ ਕਾਰਨ ਸਿਆਸਤਦਾਨ ਆਪ ਹਨ। ਉਨ੍ਹਾਂ ਨੇ ਆਪਣੀ ਕੁਰਸੀ ਕਾਇਮ ਰੱਖਣ ਲਈ ਪੈਸੇ ਤੇ ਨਸ਼ਿਆਂ ਦੇ ਲਾਲਚ ਅਤੇ ਬਾਹੂਬਲ ਜਰੀਏ ਵੋਟਾਂ ਖਰੀਦਣ ਦਾ ਰਾਹ ਫੜ ਲਿਆ। ਉਨ੍ਹਾਂ ਨੂੰ ਲੋਕਤੰਤਰ ਵਿੱਚ ਵੋਟ ਦੀ ਕੀਮਤ ਦਾ ਖਿਆਲ ਹੀ ਭੁੱਲ ਗਿਆ। ਖੁਦਗਰਜ਼ ਤੇ ਲਾਲਚੀ ਲੋਕਾਂ ਨੇ ਆਪਣੇ ਹਿਤਾਂ ਦੀ ਪੂਰਤੀ ਹਿਤ ਇਨ੍ਹਾਂ ਨੇਤਾਵਾਂ ਦੁਆਲੇ ਘੇਰਾ ਘੱਤ ਲਿਆ।

ਸਾਲ 2014 ਵਿੱਚ ਅੰਨਾਂ ਹਜ਼ਾਰੇ ਦੀ ਅਗਵਾਈ ਵਿੱਚ ਰਿਸ਼ਵਤਖੋਰੀ ਵਿਰੋਧੀ ਹਲਚਲ ਨੇ ਨੌਜਵਾਨਾਂ ਦੇ ਮਨਾਂ ਵਿੱਚ ਨਵੀਂ ਚੇਤਨਾ ਪੈਦਾ ਕੀਤੀ। ਇਸ ਵਿੱਚੋਂ ਹੀ ਆਮ ਆਦਮੀ ਪਾਰਟੀ ਨੇ ਜਨਮ ਲਿਆ। ਦਿੱਲੀ ਤੋਂ ਬਿਨਾਂ ਪੰਜਾਬ ਹੀ ਇੱਕ ਅਜਿਹਾ ਸੂਬਾ ਸੀ ਜਿਸ ਨੇ ਇਸ ਸਿਆਸੀ ਹਲਚਲ ਦੀ ਆਵਾਜ਼ ਨੂੰ ਸੁਣ ਕੇ ਉਸ ਵਿੱਚ ਨਵੀਂ ਲਰਜ਼ਸ਼ ਅਤੇ ਜੁੰਬਸ਼ ਪੈਦਾ ਕੀਤੀ। ਇਸ ਦੇ ਨਤੀਜੇ ਵਜੋਂ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਆਪ ਪਾਰਟੀ ਨੇ ਚਾਰ ਸੀਟਾਂ ਜਿੱਤੀਆਂ ਅਤੇ ਚਾਰ ਹੋਰ ਕੁੱਝ ਹੀ ਗਲਤੀਆਂ ਕਾਰਨ ਹੱਥੋਂ ਗੁਆ ਲਈਆਂ। 2017 ਦੀਆਂ ਪੰਜਾਬ ਵਿਧਾਨ ਚੋਣਾਂ ਵਿੱਚ ਪੰਜਾਬੀ, ਰਵਾਇਤੀ ਪਾਰਟੀਆਂ ਨੂੰ ਨਕਾਰ ਕੇ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪਣ ਦਾ ਵਿਚਾਰ ਬਣਾਈ ਬੈਠੇ ਸਨ ਪਰ ਇਸ ਪਾਰਟੀ ਦੇ ਨੁਕਸਦਾਰ ਢਾਂਚੇ ਅਤੇ ਕਾਟੋਕਲੇਸ਼ ਕਾਰਨ ਅਜਿਹਾ ਨਾ ਹੋ ਸਕਿਆ। ਲੋਕਾਂ ਨੇ ਪਰਿਵਾਰਵਾਦ ਦਾ ਸ਼ਿਕਾਰ ਹੋ ਚੁੱਕੇ ਅਕਾਲੀਆਂ ਤੋਂ ਮੁਕਤੀ ਪਾਉਣ ਲਈ ਕਾਂਗਰਸ ਨੂੰ ਚੁਣਨਾ ਬਿਹਤਰ ਸਮਝਿਆ। ਇਸ ਸਰਕਾਰ ਦੇ ਸ਼ਾਸਨ ਦੌਰਾਨ ਰਿਸ਼ਵਤਖੋਰੀ, ਦਲਾਲਗਿਰੀ ਤੇ ਲੁੱਟਖਸੁੱਟ ਦਾ ਬਾਜ਼ਾਰ ਗਰਮ ਰਿਹਾ। ਸੂਬੇ ਦੇ ਸਿਹਤ, ਸਿੱਖਿਆ ਅਤੇ ਕਾਰੋਬਾਰੀ ਧੰਦਿਆਂ ਦੀ ਹਾਲਤ ਬਦਤਰ ਹੋ ਗਈ। ਇਨ੍ਹਾਂ ਵਰਤਾਰਿਆਂ ਨੇ ਲੋਕਾਂ ਵਿੱਚ ਵੱਡੀ ਪੱਧਰ 'ਤੇ ਨਿਰਾਸ਼ਾ ਪੈਦਾ ਕਰ ਦਿੱਤੀ।

ਸਾਲ 2020 ਵਿੱਚ ਪੰਜਾਬ ਵਿੱਚ ਕੇਂਦਰ ਸਰਕਾਰ ਦੁਆਰਾ ਲਿਆਂਦੇ ਗਏ ਕਾਰਪੋਰੇਟੀ ਪੱਖੀ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਨੇ ਸੁਪਨਹੀਨ ਹੋ ਚੁੱਕੇ ਪੰਜਾਬੀਆਂ ਵਿੱਚ ਮੁੜ ਸੁਪਨੇ ਲੈਣ ਦੀ ਭਾਵਨਾ ਪੈਦਾ ਕੀਤੀ। ਇਸ ਅੰਦੋਲਨ ਨੇ

ਸਾਰੇ ਦੇਸ਼ ਵਿੱਚ ਜਾਗਰੂਕਤਾ ਲਿਆਦੀ। ਇਸ ਵਿੱਚ ਨੌਜਵਾਨਾਂ, ਪੇਂਡੂ ਔਰਤਾਂ, ਬੁੱਧੀਜੀਵੀਆਂ, ਕਲਾਕਾਰਾਂ, ਕਿਸਾਨਾਂ ਅਤੇ ਮਜ਼ਦੂਰਾਂ ਨੇ ਉਹ ਆਪਸੀ ਏਕਤਾ ਤੇ ਸੂਝ-ਬੂਝ ਦਿਖਾਈ ਕਿ ਅੰਦੋਲਨ ਦੀ ਇਤਿਹਾਸਕ ਜਿੱਤ ਹੋਈ। ਇਸ ਸਮੇਂ ਸਾਰਾ ਪੰਜਾਬ ਅੰਦੋਲਨਕਾਰੀਆਂ ਦੀ ਪਿੱਠ 'ਤੇ ਖੜ੍ਹਾ ਸੀ। ਇਸ ਵਿੱਚ ਪੰਜਾਬ ਦੀ ਆਤਮਾ ਧੜਕਦੀ ਸੀ। ਇਸ ਅੰਦੋਲਨ ਦੇ ਖਤਮ ਹੋਣ 'ਤੇ ਕਿਸਾਨ ਆਗੂ ਆਪਣੀ ਅੰਦੋਲਨ ਵਾਲੀ ਸਮੂਹਿਕ ਜਥੇਬੰਦਕ ਤਾਕਤ ਨੂੰ ਰਾਜਨੀਤਿਕ ਸ਼ਕਤੀ ਤਾਂ ਨਾ ਬਣਾ ਸਕੇ ਪਰ ਇਸ ਅੰਦੋਲਨ ਨੇ ਉਹ ਜ਼ਮੀਨ ਪੈਦਾ ਕਰ ਦਿੱਤੀ ਜਿਸ ਵਿੱਚ ਤਬਦੀਲੀ ਦੀ ਫ਼ਸਲ ਤੇਜ਼ੀ ਨਾਲ ਪੁੰਗਰੀ, ਪਣਪੀ ਤੇ ਨਿੱਸਰੀ। ਇਸ ਵਿੱਚੋਂ ਹੀ ਆਮ ਆਦਮੀ ਪਾਰਟੀ ਨੇ ਭਰਪੂਰ ਫ਼ਸਲ ਤਿਆਰ ਕੀਤੀ। ਇਸ ਪ੍ਰਕਾਰ ਆਪ ਪਾਰਟੀ ਦਾ ਉਭਾਰ ਪੰਜਾਬੀਆਂ ਦੀ ਤਤਕਾਲੀਨ ਸਿਆਸੀ ਜਮਾਤ ਪ੍ਰਤਿ ਬੇਉਮੀਦੀ, ਉਪਰਾਮਤਾ ਅਤੇ ਉਸ ਨੂੰ ਨਕਾਰਨ ਦੀ ਇੱਛਾ ਵਿੱਚੋਂ ਆਪਮੁਹਾਰੇ ਹੋਇਆ। ਇਸ ਤਬਦੀਲੀ ਵਿੱਚ ਜੇਤੂ ਹੋਏ ਵਿਅਕਤੀਆਂ ਦੀਆਂ ਨਿਜੀ ਕੋਸ਼ਿਸ਼ਾਂ ਬਹੁਤੀਆਂ ਜ਼ਿੰਮੇਵਾਰ ਨਹੀਂ।

ਇਸ ਜਿੱਤ ਨੇ ਪੰਜਾਬੀਆਂ ਦੇ ਕਿਰਦਾਰ ਦੇ ਅਜ਼ੀਮ ਪੱਖ ਨੂੰ ਉਜਾਗਰ ਕੀਤਾ ਹੈ ਕਿ ਉਨ੍ਹਾਂ ਵਿੱਚ ਬਰਦਾਸ਼ਤ ਦਾ ਮਾਦਾ ਤਾਂ ਬਹੁਤ ਹੈ ਪਰ ਜਦੋਂ ਸ਼ਾਸਕ ਇੱਕ ਖਾਸ ਹੱਦ ਨੂੰ ਟੱਪ ਕੇ ਲੋਕ-ਵਿਰੋਧੀ ਹੋ ਜਾਣ ਤਾਂ ਉਹ ਵੱਡੇ ਤੋਂ ਵੱਡੇ, ਧਨਾਢ ਤੇ ਜ਼ੋਰਾਵਰ ਨੇਤਾ ਨੂੰ ਵੀ ਮੂੰਧੇਮੂੰਹ ਕਰ ਸਕਦੇ ਹਨ। ਇਨ੍ਹਾਂ ਚੋਣਾ ਨੇ ਇਹ ਵੀ ਦਿਖਾ ਦਿੱਤਾ ਹੈ ਕਿ ਪੰਜਾਬੀ, ਭਾਰਤ ਦੇ ਬਾਕੀ ਸੂਬਿਆਂ ਦੇ ਲੋਕਾਂ ਤੋਂ ਵੱਖਰੀ ਤਰ੍ਹਾਂ ਸੋਚਦੇ ਹਨ। ਪੰਜਾਬੀਆਂ ਨੇ ਕੇਂਦਰ ਵਿੱਚ ਰਾਜ ਕਰਦੀ ਸ਼ਕਤੀਸ਼ਾਲੀ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਨੂੰ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਨਾ ਹੀ ਉਹ ਇਸ ਪਾਰਟੀ ਦੀ ਧੌਂਸ ਤੋਂ ਡਰ ਕੇ ਵੋਟਾਂ ਪਾਉਂਦੇ ਹਨ। ਜਦੋਂ ਦੇਸ਼ ਦੇ ਚਾਰ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਨਵੀਆਂ ਸਰਕਾਰਾਂ ਬਣਾਉਣ ਵਿੱਚ ਕਾਮਯਾਬ ਹੋ ਗਈ ਹੈ ਤਾਂ ਪੰਜਾਬੀਆਂ ਨੇ ਇਸ ਪਾਰਟੀ ਦੇ ਉਮੀਦਵਾਰਾਂ ਦੇ ਨਾਲ ਨਾਲ ਇਨ੍ਹਾਂ ਦੀ ਮਦਦ ਨਾਲ ਚੋਣ ਲੜ ਰਹੇ ਧੜੱਲੇਦਾਰ ਤੇ ਹੰਢੇ ਹੋਏ ਨੇਤਾਵਾਂ ਨੂੰ ਵੀ ਬੁਰੀ ਤਰ੍ਹਾਂ ਹਰਾ ਦਿੱਤਾ ਹੈ।

ਜਾਤੀ, ਜਮਾਤੀ ਤੇ ਹੋਰ ਵਖਰੇਵਿਆਂ ਦੇ ਬਾਵਜੂਦ ਪੰਜਾਬੀਆਂ ਦੀ ਜ਼ਿੰਦਗੀ ਦਾ ਸਾਂਝਾ ਧੁਰਾ ਉਨ੍ਹਾਂ ਦੇ ਮਨਾਂ ਵਿੱਚ ਸਵੈਮਾਣ ਨਾਲ ਜਿਉਣ ਦੀ ਖਾਹਿਸ਼ ਹੈ। ਇਹ ਭਾਵਨਾ ਉਨ੍ਹਾਂ ਦੇ ਇਤਿਹਾਸ, ਸੱਭਿਆਚਾਰ ਅਤੇ ਜੁਝਾਰੂ ਵਿਰਸੇ 'ਚੋਂ ਪੈਦਾ ਹੋਈ ਹੈ। ਪੰਜਾਬੀਆਂ ਦਾ ਇਹ ਵਿਰਸਾ ਕਿਰਤ, ਸਾਂਝੀਵਾਲਤਾ ਅਤੇ ਅਨਿਆਂ ਨਾ ਸਹਿਣ ਕਰਨ ਦੀਆਂ ਪਿਰਤਾਂ ਤੇ ਰਵਾਇਤਾਂ ਨੂੰ ਜੀਵਨ ਦਾ ਆਧਾਰ ਮੰਨਦਾ ਹੈ। ਇਹ ਬਹੁਤ ਜਟਿਲ ਹੈ। ਸਵੈਮਾਣ ਦੀ ਤਲਾਸ਼ ਖਲਾਅ ਵਿੱਚ ਪੈਦਾ ਨਹੀਂ ਹੋ ਸਕਦੀ। ਇਸ ਲਈ ਕਿਰਤ ਦਾ ਹੱਕ ਦੇਣ ਵਾਲੇ ਅਰਥਚਾਰੇ ਅਤੇ ਢੁਕਵੇਂ ਵਿਦਿਅਕ ਤੇ ਹੋਰ ਪ੍ਰਬੰਧਕੀ ਢਾਂਚੇ ਦੀ ਲੋੜ ਹੁੰਦੀ ਹੈ। ਪੰਜਾਬੀਆਂ ਨੂੰ ਲੁੱਟਣ ਤੇ ਉਨ੍ਹਾਂ ਦਾ ਸਵੈਮਾਣ ਰੋਲਣ ਵਾਲਿਆਂ ਨੇ ਇਨ੍ਹਾਂ ਢਾਂਚਿਆਂ ਨੂੰ ਖੇਰੂੰ ਖੇਰੂੰ ਕੀਤਾ ਹੈ। ਇਨ੍ਹਾਂ ਢਾਂਚਿਆਂ ਦੀ ਪੁਨਰਉਸਾਰੀ ਸਿਆਸੀ ਦ੍ਰਿੜ੍ਹਤਾ, ਇੱਛਾ-ਸ਼ਕਤੀ ਦਿਆਨਤਦਾਰੀ ਤੇ ਇਮਾਨਦਾਰੀ ਨਾਲ ਹੀ ਹੋ ਸਕਦੀ ਹੈ।

ਰਵਾਇਤੀ ਪਾਰਟੀਆਂ ਨੇ ਆਪਣੇ ਵੋਟ-ਬੈਂਕ ਪੱਕੇ ਕਰਨ ਲਈ ਲੋਕਾਂ ਨੂੰ ਮੁਫ਼ਤਖੋਰੇ ਵੀ ਬਣਾ ਦਿੱਤਾ ਹੈ ਜੋ ਪੰਜਾਬੀਆਂ ਦਾ ਕੁਦਰਤੀ ਸੁਭਾ ਨਹੀ। ਇਸ ਨਾਲ ਪੰਜਾਬ ਦਾ ਅਰਥਚਾਰਾ ਵਿਗੜ ਗਿਆ ਹੈ ਅਤੇ ਸੂਬਾ ਕਰੀਬ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਅਧੀਨ ਹੈ। ਆਮ ਆਦਮੀ ਪਾਰਟੀ ਨੇ ਵੀ ਚੋਣ ਜਿੱਤਣ ਲਈ ਲੋਕਾਂ ਨਾਲ ਅਜਿਹੇ ਕਈ ਗੈਰਉਪਜਾਊ ਵਾਇਦੇ ਕੀਤੇ ਹਨ। ਪੰਜਾਬੀ ਮਿਹਨਤੀ ਹਨ ਪਰ ਉਨ੍ਹਾਂ ਨੂੰ ਰੁਜ਼ਗਾਰ ਦੇ ਸਾਧਨ ਮੁਹੱਈਆ ਕਰਨ ਦੀ ਜ਼ਰੂਰਤ ਹੈ। ਇਸ ਲਈ ਜਿੱਥੇ ਨਵੀਂ ਸਰਕਾਰ ਦੀ ਜ਼ਿੰਮੇਵਾਰੀ ਵਾਇਦੇ ਪੂਰੇ ਕਰਨ ਦੀ ਹੈ ਉੱਥੇ ਮੁੱਖ ਕੰਮ ਖੇਤੀ, ਸਿਹਤ, ਵਿੱਦਿਆ ਅਤੇ ਕਾਰੋਬਾਰੀ ਖੇਤਰਾਂ ਨੂੰ ਵਿਕਾਸ ਦੇ ਰਾਹ 'ਤੇ ਪਾਉਣ ਦੀ ਹੈ ਤਾਂ ਜੋ ਬੇਰੁਜ਼ਗਾਰੀ, ਵਿਦੇਸ਼ੀ-ਪ੍ਰਵਾਸੀ ਤੇ ਆਰਥਿਕ ਖੜੋਤ ਨੂੰ ਨੱਥ ਪਾਈ ਜਾ ਸਕੇ। ਨਵੀਂ ਸਰਕਾਰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿਹੋ ਜਿਹੇ ਢੰਗ ਤਰੀਕੇ ਅਪਣਾਉਂਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਬਹਰਹਾਲ ਤਾਂ ਪੰਜਾਬੀਆਂ ਨੇ ਪ੍ਰੋਫੈਸਰ ਪੂਰਨ ਸਿੰਘ ਵਲੋਂ ਬਿਆਨ ਕੀਤੇ ਸਵੈਮਾਨੀ ਪੰਜਾਬੀ ਸੁਭਾ ਨੂੰ ਪੂਰੀ ਦਲੇਰੀ ਨਾਲ ਪ੍ਰਗਟ ਕਰ ਦਿੱਤਾ ਹੈ-

ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਟੈਂ ਨਾ ਮੰਨਣ ਕਿਸੀ ਦੀ,
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਦੇ।

## New Life Members of Saini Bhawan

1. **Engineer Devinder Singh**
   S/o S. Surmukh Singh
   Longia,
   # V, Khairabad, Rupnagar



2. **S. Harbans Singh**
   S/o S. Karam Singh
   # 4828/10F, Guru Nagar,
   Rupnagar



### ਜਨਵਰੀ-ਮਾਰਚ 2022 ਦੌਰਾਨ

## ਸੈਣੀ ਭਵਨ ਦੀਆਂ ਸਰਗਰਮੀਆਂ



ਰਾਜਿੰਦਰ ਸੈਣੀ
ਰੂਪਨਗਰ

**17ਵਾਂ ਖ਼ੂਨਦਾਨ ਕੈਂਪ–** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 9 ਜਨਵਰੀ, 2022 ਨੂੰ ਸੈਣੀ ਭਵਨ ਵਿਖੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ 556 ਪ੍ਰਕਾਸ਼ ਉਤਸਵ 'ਤੇ 17ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਤੋਂ ਡਾਕਟਰ ਰੋਲੀ ਅਗਰਵਾਲ ਦੀ ਅਗਵਾਈ 'ਚ ਆਈ ਟੀਮ ਵਲੋਂ ਯੋਗ ਖ਼ੂਨਦਾਨੀ ਵਿਅਕਤੀਆਂ ਤੋਂ 42 ਯੂਨਿਟ ਬਲੱਡ ਇਕੱਠਾ ਕੀਤਾ ਗਿਆ। **ਇੰਨਰਵੀਲ੍ਹ ਕਲੱਬ ਰੂਪਨਗਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੂਪਨਗਰ, ਰਜਨੀ ਹਰਬਲਜ਼ ਮਲਿਕਪੁਰ ਅਤੇ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ** ਦੇ ਸਹਿਯੋਗ ਨਾਲ ਲਗਾਏ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ, ਸ. ਨਰਿੰਦਰ ਸਿੰਘ ਮੈਨੇਜਿੰਗ ਡਾਇਰੈਕਟਰ ਰਜ਼ਨੀ ਹਰਬਲ ਮਲਿਕਪੁਰ ਨੇ ਕੀਤਾ। ਇਸ ਸਮੇਂ ਉਨ੍ਹਾਂ ਨੇ 25ਵੀਂ ਵਾਰ ਖੁਦ ਖ਼ੂਨਦਾਨ ਵੀ ਕੀਤਾ। ਮੈਨੇਜਿੰਗ ਡਾਇਰੈਕਟਰ ਸ. ਨਰਿੰਦਰ ਸਿੰਘ ਨੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਸਮਾਜ ਭਲਾਈ ਕੰਮਾਂ ਦੀ ਪ੍ਰਸੰਸ਼ਾ ਕਰਦਿਆ ਸੰਸਥਾ ਨੂੰ 21 ਹਜ਼ਾਰ ਰੁਪਏ ਦੀ ਮਾਲੀ ਮਦਦ ਵੀ ਕੀਤੀ। ਇਸ ਮੌਕੇ ਮੁੱਖ ਮਹਿਮਾਨ ਨਾਲ ਪਿੰਡ ਮਲਿਕਪੁਰ ਦੇ ਪੰਚ ਸ. ਕੁਲਵੰਤ ਸਿੰਘ ਵੀ ਸਨ। ਕੈਂਪ ਦੌਰਾਨ ਰਣਜੀਤ ਸਿੰਘ ਵਲੋਂ 58ਵੀਂ, ਰੁਪਿੰਦਰ ਸਿੰਘ ਓਬਰਾਏ ਵਲੋਂ 44ਵੀ, ਮਨਜੀਤ ਸਿੰਘ ਵਲੋਂ 28ਵੀਂ, ਜਗਦੇਵ ਸਿੰਘ ਵਲੋਂ 36ਵੀਂ, ਅਤਿਮ ਸੈਣੀ ਵਲੋਂ 26ਵੀਂ, ਨਰਿੰਦਰ ਸਿੰਘ ਵਲੋਂ 25ਵੀਂ, ਗਗਨਦੀਪ ਸਿੰਘ ਵਲੋਂ 23ਵੀਂ, ਜਸਵਿੰਦਰ ਸਿੰਘ ਰਿੰਕੂ ਵਲੋਂ 20ਵੀਂ, ਹਿਤੇਸ਼ ਚੰਦਰ ਅਤੇ ਸੁਖਵਿੰਦਰ ਸਿੰਘ ਵਲੋ 18ਵੀ, ਯੁਵਰਾਜ ਅਹੂਜਾ ਵਲੋਂ 17ਵੀਂ, ਜਸਕਰਨ ਸਿੰਘ ਖੇੜੀ ਵਲੋਂ 11ਵੀਂ ਵਾਰ ਖ਼ੂਨਦਾਨ ਕੀਤਾ ਗਿਆ। ਇਸ ਸਮੇਂ ਖ਼ੂਨਦਾਨੀਆਂ ਨੂੰ ਤੋਹਫਿਆਂ ਅਤੇ ਸਰਟੀਫੀਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁਖ ਮਹਿਮਾਨ ਦਾ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੇ ਪੀਆਰਓ ਰਾਜਿੰਦਰ ਸੈਣੀ ਨੇ ਸਵਾਗਤ ਕਰਦਿਆ ਸੰਸਥਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸਕੱਤਰ ਬਲਬੀਰ ਸਿੰਘ ਤੋਂ ਇਲਾਵਾ ਪ੍ਰਬੰਧਕੀ ਕਮੇਟੀ ਮੈਂਬਰ ਡਾ. ਜਸਵੰਤ ਕੌਰ, ਗੁਰਮੁੱਖ ਸਿੰਘ ਲੋਂਗੀਆ,ਅਮਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਅਜੀਤ ਸਿੰਘ, ਦਲਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਜਗਦੇਵ ਸਿੰਘ, ਸੁਰਿੰਦਰ ਸਿੰਘ ਤੋਂ ਇਲਾਵਾ ਕੁਲਵਿੰਦਰ ਕੌਰ ਪ੍ਰਧਾਨ ਇੰਨਵੀਲ ਕਲੱਬ, ਕੁਲਦੀਪ ਸਿੰਘ, ਐਸ.ਐਮ. ਸਿੰਘ ਆਦਿ ਵੀ ਹਾਜ਼ਰ ਸਨ।

**ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦੇ 43ਵੇਂ ਅੰਕ ਦਾ ਲੋਕਅਰਪਣ–** ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 43ਵਾਂ ਅੰਕ 9 ਜਨਵਰੀ, 2022 ਨੂੰ ਸੈਣੀ ਭਵਨ ਵਿਖੇ ਰਿਲੀਜ਼ ਕੀਤਾ ਗਿਆ। ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਪ੍ਰਕਾਸ਼ਿਤ ਇਸ ਮੈਗਜ਼ੀਨ ਨੂੰ ਰਿਲੀਜ਼ ਕਰਨ ਦੀ ਰਸਮ ਸਾਬਕਾ ਐਮ. ਸੀ. ਸ. ਗੁਰਮੁੱਖ ਸਿੰਘ ਸੈਣੀ ਨੇ ਅਦਾ ਕੀਤੀ। ਇਹ ਰਸਮ ਮੁੱਖ ਮਹਿਮਾਨ ਵਜੋਂ ਰੀਅਲ ਅਸਟੇਟ ਦੇ ਮਾਲਿਕ ਸ਼੍ਰੀ ਸੰਦੀਪ ਮਨਚੰਦਾ ਵਲੋਂ ਨਿਭਾਈ ਜਾਣੀ ਸੀ ਪਰ ਉਹ ਅਚਾਨਕ ਤਬੀਅਤ ਖਰਾਬ ਹੋ ਜਾਣ ਕਾਰਨ ਪਹੁੰਚ ਨਹੀਂ ਸਕੇ। ਸ. ਗੁਰਮੁਖ ਸਿੰਘ ਨੇ ਸੰਦੀਪ ਮਨਚੰਦਾ ਦੀ ਤਰਫੋਂ ਸੰਸਥਾ ਨੂੰ ਨੇਕ ਕਾਰਜਾਂ ਲਈ ਵਧਾਈ ਦਿੰਦੇ ਹੋਏ 10 ਹਜ਼ਾਰ ਰੁਪਏ ਦੀ ਮਦਦ ਕੀਤੀ। ਇਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ ਰੂਪਨਗਰ ਦੇ ਡਾਇਰੈਕਟਰ ਸ.ਸੁਖਜਿੰਦਰ ਸਿੰਘ ਵੀ ਹਾਜ਼ਰ ਸਨ। ਸੰਸਥਾ ਦੇ ਪ੍ਰਧਾਨ ਅਤੇ ਮੈਗਜ਼ੀਨ ਦੇ ਐਡੀਟਰ ਡਾ. ਅਜਮੇਰ ਸਿੰਘ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਮੈਗਜ਼ੀਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਇਸ ਮੈਗਜ਼ੀਨ ਰਾਹੀ ਪਾਠਕਾਂ ਨੂੰ ਉਸਾਰੂ ਸੋਚ ਵਾਲਾ ਸਾਹਿਤ ਪੜ੍ਹਨ ਲਈ ਮਿਲਦਾ ਹੈ। ਇਸ ਮੌਕੇ ਸੰਸਥਾਂ ਦੀ ਪ੍ਰਬੰਧਕੀ ਕਮੇਟੀ ਦੇ ਸਮੂਹ ਮੈਂਬਰ ਹਾਜ਼ਰ ਸਨ।

**ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸ਼ਿੱਪ ਦੀ ਵੰਡ–** 9 ਜਨਵਰੀ,2022 ਨੂੰ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਵਲੋਂ ਸਾਲ-2021 ਲਈ **ਤਿੰਨ ਲੱਖ ਰੁਪਏ ਦਾ ਸਾਲਾਨਾ** ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸ਼ਿਪ, ਕੌਮੀ ਪੱਧਰ ਦੀ ਗੌਰਵਮਈ ਸੰਸਥਾ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ (ਆਈ.ਆਈ.ਐਸ.ਈ.ਆਰ) ਤੋਂ ਜੀਵ ਵਿਗਿਆਨ 'ਚ ਪੜ੍ਹਾਈ ਕਰ ਰਹੀ ਵਿਦਿਆਰਥਣ ਸ਼ਵੇਤਾ ਸੈਣੀ ਨੂੰ ਦਿੱਤਾ ਗਿਆ। ਉਹ ਇਸ ਸਮੇਂ ਆਪਣੇ ਪੰਜ ਸਾਲਾਂ ਦੇ ਐਮ.ਐਸ.ਸੀ ਡਿਗਰੀ ਕੋਰਸ ਦੇ ਚੌਥੇ ਸਾਲ 'ਚ ਹੈ। ਇਹ ਵਿਦਿਆਰਥਣ ਅੰਮ੍ਰਿਤਸਰ ਦੀ ਰਹਿਣ ਵਾਲੀ ਹੈ ਅਤੇ ਇਸ ਦੇ ਪਿਤਾ ਦੇਵਿੰਦਰ ਸੈਣੀ ਬੀ.ਐਸ.ਐਨ.ਐਲ. ਵਿਭਾਗ ਵਿੱਚ ਸੇਵਾ ਨਿਭਾ ਰਹੇ ਹਨ। ਇਹ ਰਸਮ ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ, ਰੂਪਨਗਰ ਦੇ ਡਾਇਰੈਕਟਰ ਸ. ਸੁਖਜਿੰਦਰ ਸਿੰਘ ਨੇ ਅਦਾ ਕੀਤੀ। ਇਸ ਸਮੇਂ ਮੁੱਖ ਮਹਿਮਾਨ ਨੇ ਇਹ ਵਜੀਫ਼ਾ ਆਰੰਭ ਕਰਨ ਵਾਲੇ ਮਹਾਂਦਾਨੀ ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਦੀ ਇਸ ਗੱਲੋਂ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਉਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ

ਦਾ ਜੋ ਰਾਹ ਅਪਣਾਇਆ ਹੈ, ਉਹ ਇੱਕ ਮਸਾਲ ਹੈ। ਉਨ੍ਹਾਂ ਨੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਦੇ ਪ੍ਰਬੰਧਕਾਂ ਨੂੰ ਇਹ ਵਜ਼ੀਫਾ ਪ੍ਰਦਾਨ ਕਰਨ ਦਾ ਪ੍ਰਬੰਧ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਨਾਲ ਆਖੀ ਕਿ ਕਦੇ ਵੀ ਆਪਣੇ ਆਪ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ ਅਤੇ ਆਪਣੇ ਮੂਲ ਨਾਲ ਜੁੜ ਕੇ ਅੱਗੇ ਵਧਣਾ ਚਾਹੀਦਾ ਹੈ। ਵਜ਼ੀਫਾ ਲੈਣ ਵਾਲੀ ਵਿਦਿਆਰਥਣ ਦੀ ਚੋਣ ਇਸ ਵਜ਼ੀਫੇ ਲਈ ਪ੍ਰਾਪਤ 10 ਬਿਨੈਕਾਰਾਂ ਵਿੱਚੋ 5 ਮੈਂਬਰੀ ਕਮੇਟੀ ਵਲੋਂ ਨਿਰੋਲ ਵਿਦਿਆਰਥੀ ਦੇ ਵਿਦਿਅਕ ਕੈਰੀਅਰ ਤੇ ਡੋਨਰ ਵਲੋਂ ਤੈਅ ਸ਼ਰਤਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਸ ਚੋਣ ਕਮੇਟੀ ਵਿੱਚ ਉੱਚ ਕੋਟੀ ਦੇ ਦੋ ਵਿਦਿਅਕ ਮਾਹਰ ਸ਼ਾਮਿਲ ਸਨ। ਵਜ਼ੀਫ਼ਾ ਪ੍ਰਾਪਤ ਕਰਨ ਸਮੇਂ ਸਵੇਤਾ ਸੈਣੀ ਨੇ ਕਿਹਾ ਕਿ ਉਸ ਨੂੰ ਇਹ ਵਜ਼ੀਫ਼ਾ ਪ੍ਰਾਪਤ ਹੋਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਉਹ ਸੰਸਥਾ ਦੀਆਂ ਇਛਾਵਾਂ 'ਤੇ ਪੂਰਾ ਉਤਰਨ ਦਾ ਹਰ ਸੰਭਵ ਯਤਨ ਕਰੇਗੀ। ਇਸ ਮੌਕੇ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਮੁਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ ਨੇ ਵਜ਼ੀਫੇ ਦੀਆਂ ਸ਼ਰਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਵਾਇਸ ਚੇਅਰਮੈਨ ਡਾ. ਅਜਮੇਰ ਸਿੰਘ, ਸਕੱਤਰ ਅਮਰਜੀਤ ਸਿੰਘ, ਕਾਨੂੰਨੀ ਸਲਾਹਕਾਰ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਟਰੱਸਟੀ ਡਾ. ਜਸਵੰਤ ਕੌਰ ਸੈਣੀ, ਰਾਜਿੰਦਰ ਸਿੰਘ ਗਿਰਨ, ਅਜੀਤ ਸਿੰਘ, ਤੋਂ ਇਲਾਵਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਤੇ ਪਤਵੰਤੇ ਵਿਅਕਤੀ ਦਲਜੀਤ ਸਿੰਘ, ਹਰਜੀਤ ਸਿੰਘ ਗਿਰਨ, ਜਗਦੇਵ ਸਿੰਘ, ਸੁਰਿੰਦਰ ਸਿੰਘ ਤੋਂ ਇਲਾਵਾ ਕੁਲਵਿੰਦਰ ਕੌਰ ਪ੍ਰਧਾਨ ਇੰਨਵੀਲ ਕਲੱਬ, ਐਸ.ਐਮ. ਸਿੰਘ, ਕੁਲਦੀਪ ਸਿੰਘ ਗੋਲੀਆ ਆਦਿ ਹਾਜ਼ਰ ਸਨ।

**ਮਾਸਿਕ ਮੀਟਿੰਗਾਂ, ਜਨਮ ਦਿਨਾਂ 'ਤੇ ਵਧਾਈਆਂ ਅਤੇ ਦਾਨੀ ਦਾ ਸਨਮਾਨ–** ਫਰਬਰੀ ਮਹੀਨੇ ਦੀ ਮਾਸਿਕ ਮੀਟਿੰਗ 12.2.2022 ਨੂੰ ਕੀਤੀ ਗਈ ਜਿਸ ਸਮੇਂ ਸਾਲਾਨਾ ਸੈਣੀ ਸੰਮੇਲਨ ਕਰਾਉਣ ਅਤੇ ਸੈਣੀ ਭਵਨ ਦੇ ਹਾਲ ਕਮਰਿਆਂ ਨੂੰ ਸਫੇਦੀ ਕਰਵਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਮਾਗਮ ਦੀ ਮਿਤੀ 3 ਅਪ੍ਰੈਲ ਨਿਯਤ ਕੀਤੀ ਗਈ। ਇਸ ਸਮੇਂ ਸ. ਬਲਬੀਰ ਸਿੰਘ ਸੈਣੀ ਜਨਰਲ ਸਕੱਤਰ ਅਤੇ ਸ. ਅਮਰਜੀਤ ਸਿੰਘ ਸਕੱਤਰ ਦੇ ਜਨਮ ਦਿਨ ਮਨਾਏ ਗਏ। ਇੰਗਲੈਂਡ ਤੋਂ ਆਏ ਇੰਜਨੀਅਰ ਰਾਜਵਿੰਦਰ ਸਿੰਘ ਸਪੁੱਤਰ ਡਾ. ਅਜਮੇਰ ਸਿੰਘ ਨੇ ਸੈਣੀ ਭਵਨ ਨੂੰ 21000 ਰੁਪਏ ਦਾਨ ਵਜੋਂ ਦਿੱਤੇ ਜਿਸ ਲਈ ਦਾਨੀ ਦਾ ਧੰਨਵਾਦ ਕੀਤਾ ਗਿਆ। ਮਹੀਨਾ ਮਾਰਚ ਦੀ ਮਾਸਿਕ ਮੀਟਿੰਗ 2 ਮਾਰਚ ਨੂੰ ਹੋਈ ਜਿਸ ਸਮੇਂ ਸਾਲਾਨਾ ਸਮਾਗਮ ਦੀ ਸਾਰੀ ਰੂਪਰੇਖਾ ਨੂੰ ਅੰਤਿਮ ਰੂਪ ਦਿੱਤਾ ਗਿਆ, ਸੈਣੀ ਭਵਨ ਦੀ ਇਮਾਰਤ ਦੀ ਮੁਰੰਮਤ ਤੇ ਸਫੇਦੀ ਲਈ ਆਰਡਰ ਦਿੱਤਾ ਗਿਆ ਅਤੇ ਟਰੱਸਟੀ ਸ. ਦਵਿੰਦਰ ਸਿੰਘ ਜਟਾਣਾ, ਸ. ਅਜੀਤ ਸਿੰਘ, ਸ਼੍ਰੀ ਤਰਸੇਮ ਸੈਣੀ ਅਤੇ ਪ੍ਰਬੰਧਕੀ ਕਮੇਟੀ ਮੈਂਬਰ ਸ. ਸੁਰਿੰਦਰ ਸਿੰਘ ਦੇ ਜਨਮ ਦਿਨ ਮਨਾਏ ਗਏ।



**ਬਜ਼ੁਰਗਾਂ ਦੇ 'ਆਪਣਾ ਘਰ' ਵਿੱਚ ਸਮਾਗਮ–** ਸੈਣੀ ਭਵਨ ਦੇ ਮੋਢੀ ਸਵ. ਐਲ.ਆਰ ਮੁੰਦਰਾ ਜੀ ਵਲੋਂ ਸਥਾਪਿਤ ਕੀਤੇ ਗਏ 'ਆਪਣਾ ਘਰ' ਵਿੱਚ ਪਹਿਲੀ ਜਨਵਰੀ, 2022 ਨੂੰ **ਨਵਾਂ ਸਾਲ ਆਗਮਨ ਦਿਵਸ** ਮਨਾਇਆ ਗਿਆ ਜਿਸ ਵਿੱਚ ਸੈਣੀ ਭਵਨ ਦੇ ਪ੍ਰਬੰਧਕ, ਆਪਣਾ ਘਰ ਵਿੱਚ ਰਹਿੰਦੇ ਬਜ਼ੁਰਗ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਹੋਏ। ਇਸ ਸਮੇਂ ਕੇਕ ਕੱਟਿਆ ਗਿਆ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ਇਸ ਸੰਸਥਾ ਵਿਖੇ ਹੀ 13 ਜਨਵਰੀ,2022 ਨੂੰ **ਲੋਹੜੀ ਦਾ ਤਿਉਹਾਰ** ਮਨਾਇਆ ਗਿਆ। ਇਸ ਵਿੱਚ ਇੰਨਰਵੀਲ੍ਹ ਕਲੱਬ ਰੋਪੜ ਦੀਆਂ ਮੈਂਬਰ ਮਹਿਲਾਵਾਂ, ਪੁਲਿਸ ਜ਼ਿਲ੍ਹਾ ਸਾਂਝ ਕੇਂਦਰ ਦੇ ਮੈਂਬਰ, ਸੈਣੀ ਭਵਨ ਦੇ ਪ੍ਰਬੰਧਕ, ਆਪਣਾ ਘਰ ਦੇ ਟਰੱਸਟੀ ਅਤੇ ਸ਼ਹਿਰ ਦੇ ਪ੍ਰਮੁੱਖ ਵਿਅਕਤੀ ਸ਼ਾਮਿਲ ਹੋਏ। ਸਭ ਨੇ ਬਜ਼ੁਰਗਾਂ ਦੀ ਸਿਹਤਮੰਦੀ ਲਈ ਅਰਦਾਸਾਂ ਕੀਤੀਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

❊ ❊ ❊ ❊ ❊

## ਇਨੋਵੇਟਿਵ ਕਿਸਾਨ-ਰਾਜੇਸ਼ ਸੈਣੀ



ਹੁਸ਼ਿਆਰਪੁਰ ਜ਼ਿਲ੍ਹੇ ਦੀ ਮੁਕੇਰੀਆਂ ਤਹਿਸੀਲ ਦੇ ਕਿਸਾਨ ਰਾਜੇਸ਼ ਸੈਣੀ ਨੇ ਖੇਤੀਬਾੜੀ 'ਚ ਨਵੀਂ ਤਕਨੀਕ ਅਪਨਾਉਂਣ ਕਰ ਕੇ ਇੰਡੀਅਨ ਐਗਰੀਕਲਚਰ ਰਿਸਰਚ ਇੰਸਟੀਚਿਊਟ ਵਲੋਂ ਦਿੱਤਾ ਜਾਂਦਾ ਸਲਾਨਾ ਇਨੋਵੇਟਿਵ ਕਿਸਾਨ ਐਵਾਰਡ ਹਾਸਲ ਕੀਤਾ ਹੈ। ਉਹ ਇਹ ਇਨਾਮ ਪ੍ਰਾਪਤ ਕਰਨ ਵਾਲਾ ਪੰਜਾਬ ਤੋਂ ਇੱਕੋਇਕ ਕਿਸਾਨ ਹੈ। ਦੇਸ਼ ਦੇ 40 ਹਜ਼ਾਰ ਕਿਸਾਨਾਂ ਨੇ 9-11 ਮਾਰਚ 2022 ਨੂੰ ਦਿੱਲੀ ਵਿਖੇ ਪੂਸਾ ਖੇਤੀ ਵਿਗਿਆਨ ਮੇਲੇ ਵਿੱਚ ਭਾਗ ਲਿਆ ਸੀ। ਰਾਜੇਸ਼ ਕੁਮਾਰ ਪਿਛਲੇ ਦਸ ਸਾਲਾਂ ਤੋਂ ਪਰਾਲੀ ਨੂੰ ਅੱਗ ਲਗਾਏ ਬਗੈਰ ਧਾਨ ਅਤੇ ਕਣਕ ਤੋਂ ਇਲਾਵਾ ਸੋਆਬੀਨ ਤੇ ਮਸੂਰ ਦੀ ਖੇਤੀ ਕਰਦੇ ਹਨ। ਪੰਜਾਬ ਦੇ ਹੋਰ ਕਿਸਾਨਾਂ ਨੂੰ ਵੀ ਰਾਜੇਸ਼ ਸੈਣੀ ਤੋਂ ਪ੍ਰੇਰਨਾ ਲੈ ਕੇ ਨਵੀਆਂ ਤਕਨੀਕਾਂ ਅਪਨਾਉਣੀਆਂ ਚਾਹੀਦੀਆਂ ਹਨ ਤਾਂ ਜੋ ਪ੍ਰਦੂਸ਼ਣ ਅਤੇ ਫ਼ਾਲਤੂ ਖਰਚਿਆਂ ਤੋਂ ਬਚਿਆ ਜਾ ਸਕੇ।



ਕਹਾਣੀ

# ਚੇਤਾਵਨੀ

ਡਾ. ਜਸਵੰਤ ਕੌਰ ਸੈਣੀ
ਰੂਪਨਗਰ

ਧਰਤੀ ਦੇ ਜੀਵਾਂ ਦੀਆਂ ਸਮੱਸਿਆਵਾਂ ਵਿੱਚ ਵਧਦੀਆਂ ਜਾ ਰਹੀਆਂ ਸਨ। ਇਨ੍ਹਾਂ ਦੇ ਸਮਾਧਾਨ ਲਈ ਜੀਵਾਂ ਨੇ ਇੱਕ ਕਮੇਟੀ ਦਾ ਗਠਨ ਕੀਤਾ ਅਤੇ ਇੱਕ ਡੈਲੀਗੇਟ ਅਜਲਾਸ ਕਰਨ ਦਾ ਫੈਸਲਾ ਕੀਤਾ। ਦਿਨ ਨਿਯਤ ਕਰ ਲਿਆ ਗਿਆ। ਸਾਰੀਆਂ ਜੀਵ-ਨਸਲਾਂ ਦੇ ਮੁਖੀਆਂ ਨੂੰ ਸੰਦੇਸ਼ੇ ਭੇਜੇ ਗਏ। ਸਾਰਿਆਂ ਵਿੱਚ ਬੜਾ ਉਤਸ਼ਾਹ ਸੀ। ਪਰ ਮਨੁੱਖ ਨੇ ਸੱਦਾ ਸਵੀਕਾਰ ਹੀ ਨਾ ਕੀਤਾ; ਅਖੇ, " ਮੈਂ ਤਾਂ ਹੁਣ ਤੁਹਾਡੇ ਸਮਾਜ ਦਾ ਮੈਂਬਰ ਹੀ ਨਹੀਂ। ਇਹ ਮੈਂਬਰਸ਼ਿਪ ਤਾਂ ਮੈਂ ਕਈ ਸਦੀਆਂ ਪਹਿਲਾਂ ਛੱਡ ਦਿੱਤੀ ਸੀ। ਕਿੱਥੇ ਤੁਸੀਂ ਉਜੱਡ ਤੇ ਲਾਚਾਰ ਅਤੇ ਕਿੱਥੇ ਮੈਂ ਦਿਮਾਗੀ, ਤਰੱਕੀਪਸੰਦ ਅਤੇ ਤਾਕਤਵਰ। ਮੇਰਾ ਤੁਹਾਡੇ ਨਾਲ ਕੋਈ ਮੇਲ ਨਹੀਂ"। ਅਜਲਾਸ ਸ਼ੁਰੂ ਹੋਇਆ। ਡੈਲੀਗੇਟਾਂ ਦੀ ਗਿਣਤੀ ਬਹੁਤ ਘੱਟ ਸੀ। ਪ੍ਰਬੰਧਕਾਂ ਨੂੰ ਨਿਰਾਸ਼ਤਾ ਹੋਈ। ਜੀਵਾਂ ਦੇ ਆਪਸੀ ਛੋਟੇ-ਮੋਟੇ ਮਸਲੇ ਸਹਿਮਤੀ ਨਾਲ ਹਲ ਕਰ ਲਏ ਗਏ। ਪਰ ਘੱਟ ਹਾਜ਼ਰੀ ਦਾ ਮਸਲਾ ਗੰਭੀਰ ਸੀ। ਇਸ ਦਾ ਕਾਰਨ ਪਤਾ ਕਰਨ ਲਈ ਇੱਕ ਸਬ-ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਬੜੀ ਮਿਹਨਤ ਨਾਲ ਭਿੰਨ ਭਿੰਨ ਜੀਵ-ਨਸਲਾਂ ਸਮੇਤ ਮਨੁੱਖ ਦੇ ਮੈਂਬਰਾਂ ਦੀ ਗਿਣਤੀ ਦੇ ਅੰਕੜੇ ਇਕੱਠੇ ਕੀਤੇ। ਸਿੱਟਾ ਹੈਰਾਨੀਜਨਕ ਸੀ। ਕਈ ਜੀਵ ਨਸਲਾਂ ਦਾ ਕੋਈ ਵੀ ਮੈਂਬਰ ਧਰਤੀ 'ਤੇ ਨਹੀਂ ਸੀ ਬਚਿਆ ਤੇ ਕਈ ਲੁਪਤ ਹੋਣ ਕਿਨਾਰੇ ਸਨ ਜਦੋਂ ਕਿ ਮਨੁੱਖਾਂ ਦੀ ਗਿਣਤੀ ਸੈਕੜੇ ਗੁਣਾ ਵਧ ਗਈ ਸੀ। ਜੀਵਾਂ ਦੀ ਗਿਣਤੀ ਵਿੱਚ ਇਹ ਵਿਗਾੜ ਖਤਰਨਾਕ ਹਾਲਾਤ ਦਾ ਸੂਚਕ ਸੀ। ਸਾਰੇ ਜੀਵ ਚਿੰਤਤ ਹੋਏ ਕਿ ਇਹ ਕਿਵੇਂ ਤੇ ਕਿਉਂ ਵਾਪਰਿਆ। ਸ਼ੱਕ ਦੀ ਸੂਈ ਮਨੁੱਖ ਵੱਲ ਗਈ। ਇਸ ਸਬੰਧੀ ਜੀਵਾਂ ਵਿੱਚ ਘੁਸਰ-ਮੁਸਰ ਵੀ ਹੋਈ ਪਰ ਕੋਈ ਵੀ ਅੱਗੇ ਆ ਕੇ ਡਾਢੇ ਮਨੁੱਖ ਤੋਂ ਸਿਰ ਪੜਵਾਉਣ ਨੂੰ ਤਿਆਰ ਨਹੀਂ ਸੀ। ਘਮੰਡੀ ਨਾਲ ਕੌਣ ਮੱਥਾ ਲਾਵੇ। ਇਸ ਲਈ ਮਸਲੇ ਨੂੰ ਸਰਬਸਮਰੱਥ ਰੱਬ ਦੀ ਦਰਗਾਹ ਵਿੱਚ ਲਿਜਾਣ ਦਾ ਫੈਸਲਾ ਹੋਇਆ।

ਰੱਬ ਨੇ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ। ਉਸ ਨੇ ਤੁਰੰਤ ਅਦਾਲਤ ਲਾਈ। ਇਸ ਮਸਲੇ ਸਬੰਧੀ ਆਪਣਾ ਆਪਣਾ ਪੱਖ ਪੇਸ਼ ਕਰਨ ਲਈ ਸ਼ਿਕਾਇਤਕਰਤਾ ਜੀਵ-ਕਮੇਟੀ ਦੇ ਮੈਂਬਰਾਂ, ਤਾਕਤਵਰ ਤੇ ਬਾਗੀ ਮਨੁੱਖ, ਜੀਵਾਂ ਦੀ ਭਲਾਈ ਤੇ ਸੁਰੱਖਿਆ ਲਈ ਜ਼ਿੰਮੇਵਾਰ- ਸੂਰਜ, ਧਰਤੀ, ਹਵਾ ਤੇ ਪਾਣੀ ਨੂੰ ਸੰਮਣ ਭੇਜੇ ਗਏ। ਜਦੋਂ ਮਨੁੱਖ ਨੂੰ ਪਤਾ ਲੱਗਾ ਕਿ ਉਸ ਵਿਰੁੱਧ ਇਹ ਸ਼ਿਕਾਇਤ ਨਾਸਮਝ ਤੇ ਨਿਮੂਝਣੇ ਜਿਹੇ ਜੀਵਾਂ ਨੇ ਕੀਤੀ ਹੈ ਤਾਂ ਉਹ ਗੁੱਸੇ ਵਿੱਚ ਕੱਪੜਿਆਂ ਤੋਂ ਬਾਹਰ ਹੋ ਗਿਆ। ਉਸ ਨੂੰ ਭੁੱਲ ਹੀ ਗਿਆ ਕਿ ਇਹ ਸੰਮਣ ਸਰਬਸ਼ਕਤੀਮਾਨ ਰੱਬ ਦੇ ਹਨ। ਝੱਗ ਛੱਡਦਿਆਂ ਉਹ ਬੁੜਬੁੜਾਇਆ, " ਇਨ੍ਹਾਂ ਸ਼ਿਕਾਇਤਕਰਤਾ ਜੀਵਾਂ ਵਿੱਚੋਂ ਕੋਈ ਵੀ ਰੱਬ ਦੀ ਪੂਜਾ ਨਹੀਂ ਕਰਦਾ। ਮੈਂ ਇਸ ਦੇ ਪੂਜਾ-ਸਥਾਨ ਬਣਾਏ ਹਨ। ਇਸ ਦੀ ਵਡਿਆਈ ਵਿੱਚ ਧਰਮ-ਗ੍ਰੰਥ ਲਿਖੇ। ਰੋਜ਼ ਇਸ ਦਾ ਨਾਮ ਜਪਦਾ ਹਾਂ। ਪੂਜਾ-ਪਾਠ ਕਰਵਾਉਂਦਾ ਹਾਂ। ਮੇਰੇ ਕਰ ਕੇ ਹੀ ਇਹ ਸ੍ਰਿਸ਼ਟੀ ਵਿੱਚ ਜਾਣਿਆਂ ਜਾਂਦਾ ਹੈ। ਮੇਰੀ ਬਿੱਲੀ ਮੈਨੂੰ ਮਿਆਊਂ। ਮੈਂ ਨੀ ਮੰਨਦਾ ਕਿਸੇ ਨੂੰ "। ਮਨੁੱਖ ਨੇ ਸੰਮਣ ਰਿਸੀਵ ਨਾ ਕੀਤੇ। ਰੱਬ, ਮਨੁੱਖ ਦੀ ਬੇਵਕੂਫੀ 'ਤੇ ਮੁਸਕਰਾਇਆ ਅਤੇ ਆਪਣੇ ਮਾਰਸ਼ਲਾਂ ਨੂੰ ਹੁਕਮ ਕੀਤਾ ਕਿ ਮਨੁੱਖ ਨੂੰ ਹੱਥਕੜੀ ਲਾ ਕੇ ਲਿਆਂਦਾ ਜਾਵੇ। ਹੁਕਮ ਦੀ ਤਾਮੀਲ ਹੋਈ।

ਜੀਵ-ਕਮੇਟੀ ਦੇ ਮੈਂਬਰ ਹੱਥ ਜੋੜ ਕੇ ਰੱਬ ਅੱਗੇ ਪੇਸ਼ ਹੋਏ ਅਤੇ ਸਾਰੇ ਮਸਲੇ ਨੂੰ ਜ਼ੁਬਾਨੀ ਦੁਹਰਾਇਆ। ਸੂਰਜ ਨੇ ਹਲੀਮੀ ਨਾਲ ਸਿਰ ਝੁਕਾਇਆ ਤੇ ਬਿਆਨ ਦਿੱਤਾ, " ਮਹਾਰਾਜ ਮੇਰਾ ਕੰਮ ਹੈ ਜੀਵਾਂ ਨੂੰ ਪ੍ਰਕਾਸ਼ ਤੇ ਰੋਸ਼ਨੀ ਦੇਣੀ। ਇਹ ਕੰਮ ਮੈਂ ਪੂਰੀ ਇਮਾਨਦਾਰੀ ਤੇ ਨਿਰਸਵਾਰਥ ਕਰ ਰਿਹਾ ਹਾਂ। ਇਹ ਕਾਰਜ ਕਰਦਿਆਂ ਮੈਂ ਜੀਵ ਦੀ ਨਸਲ, ਤਾਕਤ ਤੇ ਅਕਲ ਦਾ ਕੋਈ ਧਿਆਨ ਨਹੀਂ ਕਰਦਾ। ਮੈਂ ਬਨਸਪਤੀ ਰਾਹੀਂ ਸਭ ਨੂੰ ਤਾਕਤ ਦਿੰਦਾ ਹਾਂ। ਜੇ ਕੋਈ ਤਾਕਤਵਰ ਜੀਵ ਮੇਰੀ ਊਰਜਾ ਦੀ ਗਲਤ ਵਰਤੋਂ ਕਰ ਕੇ ਦੂਜੇ ਜੀਵਾਂ ਨੂੰ ਨੁਕਸਾਨ ਪਹੁੰਚਾਏ ਤਾਂ ਭਲਾ ਮੇਰਾ ਇਸ ਵਿੱਚ ਕੀ ਕਸੂਰ ਹੈ? ਮੈਂ ਕਿਸੇ ਜੀਵ ਦੀ ਨਸਲ ਨੂੰ ਖਤਮ ਕਰਨ ਦਾ ਜ਼ਿੰਮੇਵਾਰ ਨਹੀਂ ਹਾਂ"। ਧਰਤੀ ਨੇ ਨਮਸਕਾਰ ਕੀਤਾ ਤੇ ਨਿਮਰਤਾ ਨਾਲ ਬੇਨਤੀ ਕੀਤੀ, " ਮੇਰੇ ਮਾਲਕ! ਸਾਰੇ ਜੀਵ ਮੇਰੇ ਪੁੱਤਰ-ਪੁੱਤਰੀਆਂ ਹਨ। ਮੈਂ ਸਭ ਨੂੰ ਗੋਦ ਵਿੱਚ ਖਿਡਾਉਂਦੀ ਹਾਂ। ਮੇਰੇ ਸਾਰੇ ਖਣਿਜ ਤੇ ਬਨਸਪਤੀ ਸਭ ਲਈ ਹੈ। ਮੈਨੂੰ ਆਪਣੇ ਪਿਆਰੇ ਜੀਵਾਂ ਦੇ ਲੁਪਤ ਹੋਣ ਦਾ ਬਹੁਤ ਦੁੱਖ ਹੈ ਪਰ ਮੈਂ ਬੇਬਸ ਹਾਂ, ਕੁੱਝ ਕਰ ਨਹੀਂ ਸਕਦੀ। ਹੁਣ ਮਨੁੱਖ ਨੇ ਆਪਣੀ ਬੇਲੋੜੀ ਲਾਲਸਾ ਹਿਤ ਮੇਰੇ ਬਹੁਤੇ ਹਿੱਸੇ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ ਜਿਸ ਨਾਲ ਦੂਜੇ ਬੇਜ਼ੁਬਾਨ ਤੇ ਲਾਚਾਰ ਜੀਵਾਂ ਦੇ ਟਿਕਾਣੇ ਨਸ਼ਟ ਹੋ ਰਹੇ ਹਨ। ਮਮਤਾ ਵਸ ਮੈਂ ਤਾਂ ਆਪਣੇ ਇਸ ਲਾਲਚੀ ਪੁੱਤਰ ਨੂੰ ਵੀ ਨਹੀਂ ਝਿੜਕਦੀ ਅਤੇ ਨਾ ਹੀ ਉਸ ਨਾਲ ਕੋਈ ਵਿਤਕਰਾ ਕਰਦੀ ਹਾਂ"। ਹਵਾ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਦਿਆਂ ਕਿਹਾ, ' ਮੇਰੇ ਪਰਵਦਗਾਰ! ਮੈਂ ਮੁੱਢਕਦੀਮ ਤੋਂ ਆਪ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਾਰੇ ਜੀਵਾਂ ਨੂੰ ਜੀਵਨ-ਦਾਨ, ਆਕਸੀਜਨ ਦੇ ਰਹੀ ਹਾਂ। ਮੈਂ ਨਿਰੰਤਰ ਗਤੀਸ਼ੀਲ ਹਾਂ। ਮੇਰੇ ਲਈ ਸਾਰੇ ਜੀਵ ਬਰਾਬਰ ਹਨ। ਮੈਂ ਜਿਸੇ ਜੀਵ ਨੂੰ ਨਾਸ਼ ਕਰਨ ਬਾਰੇ ਸੋਚ ਵੀ ਨਹੀ ਸਕਦੀ। ਕੁੱਝ ਸਮੇਂ ਤੋਂ ਮੇਰੇ 'ਤੇ ਗੰਦੀ ਹੋਣ ਦੇ ਇਲਜ਼ਾਮ ਲੱਗਣ ਲੱਗੇ ਹਨ ਪਰ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ। ਮਨੁੱਖ ਨੇ ਆਪਣੀ ਐਸ਼ਪ੍ਰਸਤੀ

ਦੀਆਂ ਚੀਜ਼ਾਂ ਤਿਆਰ ਕਰਨ ਲਈ ਮੈਨੂੰ ਗੰਦੀਆਂ ਗੈਸਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਉਹ ਮੇਰੀ ਤਰਸਯੋਗ ਹਾਲਤ ਦੀ ਕੋਈ ਪ੍ਰਵਾਹ ਨਹੀਂ ਕਰਦਾ"। ਪਾਣੀ ਨੇ ਝੁਕ ਕੇ ਅਰਜ ਕੀਤੀ, " ਮੇਰੇ ਸਵਾਮੀ ! ਮੈਂ ਸਾਰੇ ਜੀਵਾਂ ਦੇ ਸਰੀਰਾਂ ਵਿੱਚ ਮੌਜੂਦ ਰਹਿੰਦਾ ਹਾਂ। ਮੈਂ ਨਿਰਸਵਾਰਥ ਹੋ ਕੇ ਸਭ ਦੀ ਪਿਆਸ ਬੁਝਾਉਂਦਾ ਹਾਂ। ਮੈਂ ਖੁਦ ਕਦੇ ਗੰਦਾ ਨਹੀਂ ਹੁੰਦਾ। ਹੁਣ ਮੈਨੂੰ ਜੀਵ ਦਾ ਦੁਸ਼ਮਣ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਮਨੁੱਖ ਨੇ ਹੀ ਮੇਰੇ ਵਿੱਚ ਜ਼ਹਿਰੀਲੇ ਪਦਾਰਥਾਂ ਨੂੰ ਸੁੱਟ ਕੇ ਮੈਨੂੰ ਜੀਵਾਂ ਲਈ ਜਾਨਲੇਵਾ ਬਣਾ ਦਿੱਤਾ ਹੈ। ਉਹ ਮੇਰੀ ਫਜ਼ੂਲ ਤੇ ਦੁਰਵਰਤੋਂ ਕਰਕੇ ਹੋਰ ਜੀਵਾਂ ਨੂੰ ਪਿਆਸੇ ਮਾਰ ਰਿਹਾ ਹੈ। ਮੈਂ ਹੁਣ ਬਹੁਤ ਦੁਖੀ ਹਾਂ"।

ਆਪਣੇ 'ਤੇ ਲੱਗ ਰਹੇ ਸਿੱਧੇ-ਸਪਾਟ ਇਲਜ਼ਾਮਾਂ ਨੂੰ ਸੁਣਦਿਆਂ ਮਨੁੱਖ ਨਮੋਸ਼ੀ ਨਾਲ ਪਾਣੀ ਪਤਲਾ ਹੋ ਗਿਆ। ਉਸ ਦੀ ਹੈਂਕੜ ਭੱਜ ਚੁੱਕੀ ਸੀ। ਉਸ ਪਾਸ ਇਨ੍ਹਾਂ ਦਾ ਕੋਈ ਜਬਾਵ ਨਹੀਂ ਸੀ। ਉਸ ਨੇ ਰੱਬ ਅੱਗੇ ਮੰਨਿਆਂ, " ਮੇਰੇ ਦਾਤਾ!ਮੈਂ ਭੁਲੇਖੇ ਵਿੱਚ ਸੀ। ਮੈਂ ਤਾਂ ਜੀਵਾਂ ਨੂੰ ਆਪਣੇ ਗੁਲਾਮ, ਮਨੋਰੰਜਨ ਦੇ ਵਸੀਲੇ ਤੇ ਖਾਧ-ਵਸਤੂ ਸਮਝ ਕੇ ਇਨ੍ਹਾਂ 'ਤੇ ਜ਼ੁਲਮ ਕਰਨ ਨੂੰ ਆਪਣਾ ਹੱਕ ਸਮਝਦਾ ਸਾਂ। ਮੈਂ ਸੂਰਜ, ਧਰਤੀ, ਪਾਣੀ ਤੇ ਹਵਾ ਨੂੰ ਵੀ ਆਪਣੇ ਨੌਕਰ ਸਮਝਣ ਦੀ ਭੁੱਲ ਕਰ ਬੈਠਾ। ਮੈਂ ਆਪਣੇ ਕਸੂਰ ਲਈ ਕੋਈ ਵੀ ਸਜ਼ਾ ਭੁਗਤਣ ਲਈ ਤਿਆਰ ਹਾਂ"। ਰੱਬ ਨੇ ਸਾਰਿਆਂ ਦੇ ਬਿਆਨਾਂ ਨੂੰ ਧਿਆਨਪੂਰਬਕ ਸੁਣਿਆਂ ਅਤੇ ਪੂਰੀ ਛਾਣਬੀਣ ਤੋਂ ਬਾਅਦ ਫੈਸਲਾ ਦਿੱਤਾ, " ਸਾਰੇ ਪੇਸ਼ ਹੋਏ ਗਵਾਹਾਂ ਦੇ ਬਿਆਨਾਂ ਤੋਂ ਬਿਨਾ ਸ਼ੱਕ ਸਿੱਧ ਹੋ ਗਿਆ ਹੈ ਕਿ ਜੀਵਾਂ ਦੀ ਗਿਣਤੀ ਵਿੱਚ ਅਸੰਤੁਲਨ ਪੈਦਾ ਕਰਨ ਲਈ ਮਨੁੱਖ ਜ਼ਿੰਮੇਵਾਰ ਹੈ। ਉਸ ਨੇ ਧਰਤੀ, ਪਾਣੀ ਤੇ ਹਵਾ ਨੂੰ ਆਪਣੇ ਸਵਾਰਥ ਹਿਤ ਦੂਸ਼ਿਤ ਕਰ ਕੇ ਜੀਵਾਂ ਦਾ ਘਾਣ ਕੀਤਾ ਹੈ। ਉਹ ਜੀਵਾਂ ਦਾ ਕਾਤਲ ਹੈ। ਇਨਸਾਫ ਦਾ ਤਕਾਜ਼ਾ ਹੈ ਕਿ ਉਸ ਨੂੰ ਸਜ਼ਾ ਦੇਣ ਤੋਂ ਪਹਿਲਾਂ ਆਪਣੇ ਵਿਵਹਾਰ ਵਿੱਚ ਸੁਧਾਰ ਕਰਨ ਦਾ ਮੌਕਾ ਦਿੱਤਾ ਜਾਵੇ। ਉਸ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਅਗਲੇ ਸਾਲਾਂ ਵਿੱਚ ਉਹ ਜੰਗਲਾਂ ਦੀ ਕਟਾਈ ਬੰਦ ਕਰੇ ਤੇ ਹੋਰ ਦਰਖਤ ਲਾਵੇ; ਆਪਣੀ ਰਿਹਾਇਸ਼ ਲਈ ਸੀਮਿਤ ਜਗਾਹ ਦੀ ਵਰਤੋਂ ਕਰੇ; ਦਰਿਆਵਾਂ ਵਿੱਚ ਕਾਰਖਾਨਿਆਂ ਦੇ ਜ਼ਹਿਰੀਲੇ ਪਾਣੀ ਨੂੰ ਸੋਧ ਕੇ ਪਾਵੇ, ਧਰਤੀ ਵਿੱਚੋਂ ਬੇਲੋੜਾ ਪਾਣੀ ਕੱਢਣਾ ਬੰਦ ਕਰੇ; ਹਵਾ ਦਾ ਪ੍ਰਦੂਸ਼ਣ ਘਟਾਵੇ, ਧਰਤੀ ਦੇ ਖਣਿਜਾਂ ਦੀ ਵਰਤੋਂ ਸੀਮਿਤ ਕਰੇ ਅਤੇ ਹੋਰ ਜੀਵਾਂ ਦੇ ਰਿਹਾਇਸ਼ੀ ਟਿਕਾਣਿਆਂ ਨੂੰ ਸੁਰੱਖਿਅਤ ਕਰੇ। ਨਿਰਧਾਰਿਤ ਸਮੇਂ ਅੰਦਰ ਹੁਕਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਮਨੁੱਖੀ ਨਸਲ ਲਾਇਲਾਜ ਬਿਮਾਰੀਆਂ, ਕੁਦਰਤੀ ਆਫਤਾਂ ਦੀ ਕਰੋਪੀ ਅਤੇ ਕੁਦਰਤੀ ਵਸੀਲਿਆਂ ਦੇ ਖਾਤਮੇ ਨਾਲ ਭੁੱਖਮਰੀ ਦਾ ਸ਼ਿਕਾਰ ਹੋ ਕੇ ਨਾਸ਼ ਹੋ ਜਾਵੇਗੀ। ਇਹ ਮਨੁੱਖ ਨੂੰ ਚੇਤਾਵਨੀ ਹੈ"।

ਸਾਰਿਆਂ ਨੇ ਰੱਬ ਦੇ ਇਸ ਫੈਸਲੇ ਅੱਗੇ ਸਿਰ ਝੁਕਾਦਿਆਂ ਉਸ ਦੀ ਜੈ ਜੈਕਾਰ ਕੀਤੀ। ਹੁਣ ਮਨੁੱਖ ਰੱਬ ਦੀ ਚੇਤਾਵਨੀ ਦੇ ਸਾਲਾਂ ਵਿੱਚੋਂ ਲੰਘ ਰਿਹਾ ਹੈ। ਦੇਖਦੇ ਹਾਂ ਉਹ ਆਪਣੇ ਵਤੀਰੇ ਵਿੱਚ ਸੋਧ ਕਰ ਕੇ ਰੱਬ ਦੀ ਖੁਸ਼ੀ ਹਾਸਲ ਕਰਦਾ ਹੈ ਜਾਂ ਆਪਣੀ ਨਸਲ ਦੇ ਸਰਬਨਾਸ਼ ਦੀ ਸਜ਼ਾ ਭੁਗਤਦਾ ਹੈ।

* * * * *



## ਤੇਰੇ ਜ਼ਖ਼ਮਾਂ ਨੂੰ

ਤਾਰਾ ਸਿੰਘ ਚੇੜਾ

ਤੇਰੇ ਦਿੱਤੇ ਜ਼ਖ਼ਮਾਂ ਨੂੰ,
ਮੈਂ ਕਿੱਦਾਂ ਦੱਸ ਲੁਕਾਵਾਂ।
ਭੁੱਖੀਆਂ ਰੂਹਾਂ ਵਿਲਕਦੀਆਂ,
ਮੈਂ ਕਿੱਦਾਂ ਦੱਸ ਵਰਾਵਾਂ।
    ਯਾਦਾਂ ਤੇਰੀਆਂ ਘੇਰੀ ਬੈਠੀਆਂ,
    ਮੂੰਹ ਤੋਂ ਕੁੱਝ ਨਾ ਬੋਲਣ,
    ਗਲ਼ ਮੇਰੇ ਗਲਵਕੜੀ ਪਾਈ,
    ਹੁਣ ਕਿੱਦਾਂ ਦੱਸ ਛੁਡਾਵਾਂ।
ਹਿਜ਼ਰਾਂ ਦੀਆਂ ਰਾਤਾਂ ਚੰਨਾਂ,
ਬਹੁਤ ਹੀ ਹੋਈਆਂ ਲੰਬੀਆਂ,
ਦਿਨ ਲੰਘੇ ਔਂਸੀਆਂ ਪਾਉਂਦੇ,
ਦੱਸ ਰਾਤਾਂ ਕਿਵੇਂ ਲੰਘਾਵਾਂ।
    ਅੰਬਰੋਂ ਇਕ ਬਦਲੋਟੀ ਉੱਠੀ,
    ਸਾਡੇ ਵਿਹੜੇ ਤੱਕ ਆਈ,
    ਉਹ ਪਿੱਛੇ ਰੋਂਦੀ ਮੁੜ ਗਈ,
    ਤਪਦੀਆਂ ਦੇਖ ਕੇ ਛਾਵਾਂ।
ਦਿਨ ਤੀਆਂ ਦੇ ਆ ਗਏ,
ਚੰਨਾਂ ਹੁਣ ਤਾਂ ਬਹੁੜੀਂ,
ਤੇਰੇ ਦਿੱਤੇ ਲਾਰਿਆਂ ਨੂੰ,
'ਚੇੜਾ' ਕਿਹੜਾ ਦਿਆਂ ਉਪਨਾਵਾਂ।

* * * * *

# ਸੈਣੀ ਬਰਾਦਰੀ ਦੇ ਨਵੇਂ ਪੰਜਾਬ ਅਸੈਂਬਲੀ ਮੈਂਬਰ

**ਡਾ. ਬਲਬੀਰ ਸਿੰਘ ਸੈਣੀ :**

ਪੰਜਾਬ ਅਸੈਂਬਲੀ ਲਈ 2022 ਵਿੱਚ ਹੋਈਆਂ ਚੋਣਾਂ ਵਿੱਚ ਪਟਿਆਲਾ ਦਿਹਾਤੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ, ਡਾ. ਬਲਬੀਰ ਸਿੰਘ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਮੋਹਿਤ ਮਹਿੰਦਰਾ ਨੂੰ ਰਿਕਾਰਡ 53474 ਵੋਟਾਂ ਨਾਲ ਹਰਾ ਕੇ ਕਾਮਯਾਬ ਹੋਏ ਹਨ। ਉਹ, ਇਹ ਸਫਲਤਾ ਪ੍ਰਾਪਤ ਕਰਨ ਵਾਲੇ ਸੈਣੀ ਬਰਾਦਰੀ ਦੇ ਇੱਕੋ ਇੱਕ ਸਿਆਸਤਦਾਨ ਹਨ। ਡਾ. ਬਲਬੀਰ ਸਿੰਘ 2017 ਦੀਆਂ ਅਸੈਂਬਲੀ ਚੋਣਾਂ ਸਮੇਂ ਵੀ ਪਟਿਆਲਾ ਸ਼ਹਿਰੀ ਹਲਕੇ ਤੋਂ ਸ. ਅਮਰਿੰਦਰ ਸਿੰਘ ਦੇ ਵਿਰੁੱਧ ਖੜ੍ਹੇ ਹੋਏ ਜਦੋਂ ਆਪ ਨੇ 20000 ਵੋਟ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਸੀ। ਆਪ ਅੱਖਾਂ ਦੇ ਮਾਹਿਰ ਡਾਕਟਰ ਹਨ ਅਤੇ ਇਸ ਸਮੇਂ ਪਟਿਆਲਾ ਵਿਖੇ ਦੁਖਨਿਵਾਰਨ ਗੁਰਦੁਆਰਾ ਸਾਹਿਬ ਦੇ ਸਾਹਮਣੇ ਗੁਰੂ ਤੇਗ ਬਹਾਦੁਰ ਅੱਖਾਂ ਦਾ ਹਸਪਤਾਲ ਚਲਾ ਰਹੇ ਹਨ।

ਡਾ. ਬਲਬੀਰ ਸਿੰਘ ਦਾ ਜਨਮ 1957 ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਭੌਰਾ ਵਿਖੇ ਸ. ਪਿਆਰਾ ਸਿੰਘ ਦੇ ਗਰੀਬ ਕਿਸਾਨੀ ਪਰਿਵਾਰ ਵਿੱਚ ਹੋਇਆ। ਆਪ ਨੇ ਦਸਵੀਂ ਤੱਕ ਦੀ ਸਿੱਖਿਆ ਪਿੰਡ ਦੇ ਸਕੂਲ ਤੋਂ 1972 ਵਿੱਚ ਹਾਸਲ ਕਰ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1979 ਵਿੱਚ ਐਮ.ਬੀ.ਬੀ.ਐਸ; 1983 ਵਿੱਚ ਐਮ.ਐਸ ਕਰ ਕੇ ਅੱਖਾਂ ਦੇ ਮਾਹਿਰ ਡਾਕਟਰ ਬਣ ਗਏ। ਘਰ ਦੀ ਗਰੀਬੀ ਕਾਰਨ ਡਾਕਟਰੀ ਸਿੱਖਿਆ ਦੀਆਂ ਭਾਰੀਆਂ ਫੀਸਾਂ ਅਦਾ ਕਰਨ ਲਈ ਕਈ ਵਾਰ ਬਲਬੀਰ ਸਿੰਘ ਨੂੰ ਆਪਣੇ ਪਿੰਡਵਾਸੀਆਂ ਤੋਂ ਮਾਇਕ ਸਹਾਇਤਾ ਲੈਣੀ ਪਈ। ਆਪ ਸਰਕਾਰੀ ਰਾਜਿੰਦਰਾ ਮੈਡੀਕਲ ਕਾਲਿਜ ਪਟਿਆਲਾ ਤੋਂ ਐਸੋਸੀਏਟ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਇਸ ਦੌਰਾਨ ਆਪ ਨੇ ਗਰੀਬਾਂ ਤੇ ਲੋੜਵੰਦਾਂ ਦੀਆਂ ਅੱਖਾਂ ਦੇ ਮੁਫਤ ਅਤੇ ਸਸਤੇ ਇਲਾਜ ਕਰ ਕੇ ਨਾਮਣਾ ਖੱਟਿਆ। ਆਪ ਨੇ ਲੋਕ ਸੇਵਾ ਦੀ ਭਾਵਨਾ ਕਾਰਨ ਵਿਦੇਸ਼ਾਂ ਵਿੱਚ ਜਾਣ ਨੂੰ ਪਹਿਲ ਨਹੀਂ ਦਿੱਤੀ। ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਹੀ ਉਹ ਲੋਕ ਲਹਿਰਾਂ ਵਿੱਚ ਕਾਰਜਸ਼ੀਲ ਹੋ ਗਏ ਜਿਸ ਅਧੀਨ 1974 ਵਿੱਚ ਜੇ.ਪੀ.ਅੰਦੋਲਨ ਵਿੱਚ ਸਰਗਰਮੀ ਨਾਲ ਭਾਗ ਲਿਆ। ਆਪ ਨੇ 2011 ਵਿੱਚ ਇੰਡੀਅਨ ਐਂਟੀਕੁਰਪਸ਼ਨ ਅੰਦੋਲਨ ਸਮੇਂ ਅਗਲੀਆਂ ਕਤਾਰਾਂ ਵਿੱਚ ਰਹਿ ਕੇ ਕੰਮ ਕੀਤਾ।

ਡਾ. ਬਲਬੀਰ ਸਿੰਘ 2014 ਵਿੱਚ 'ਆਮ ਆਦਮੀ ਪਾਰਟੀ' ਵਿੱਚ ਸ਼ਾਮਿਲ ਹੋ ਗਏ। ਆਪ ਨੇ ਇਸ ਸਾਲ ਪਟਿਆਲਾ ਲੋਕ ਸਭਾ ਹਲਕੇ ਤੋਂ ਡਾ. ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਦੇ ਕੰਮਪੇਨ ਮੈਨੇਜਰ ਵਜੋਂ ਕੰਮ ਕਰ ਕੇ ਉਨ੍ਹਾਂ ਨੂੰ ਮਹਾਰਾਣੀ ਪਰਨੀਤ ਕੌਰ ਵਿਰੁੱਧ ਇਤਿਹਾਸਿਕ ਜਿੱਤ ਹਾਸਲ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਉਹ 2018-19 ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਕੋ-ਕਨਵੀਨਰ ਰਹੇ। ਆਪ ਨੇ 2020 ਵਿੱਚ ਪਾਰਟੀ ਦੇ ਸਹਿਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਆਪਣੇ ਆਪ ਨੂੰ ਲੋਕ ਸੇਵਾ ਦੇ ਅਰਪਣ ਕਰ ਦਿੱਤਾ। ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਅੰਦੋਲਨ ਦੌਰਾਨ ਡਾ. ਬਲਬੀਰ ਸਿੰਘ ਨੇ ਦਿੱਲੀ ਦੇ ਬਾਰਡਰ 'ਤੇ 'ਫਰੀ ਮੈਡੀਸਿਨ ਤੇ ਮੈਡੀਕਲ ਸਰਵਿਸਸ ਲੰਗਰ' ਲਗਾ ਕੇ ਬਿਮਾਰਾਂ ਦੀ ਬੇਮਿਸਾਲ ਸੇਵਾ ਕੀਤੀ।



ਡਾ. ਬਲਬੀਰ ਸਿੰਘ ਨੇ ਇੱਕ ਸਾਧਾਰਨ ਕਿਸਾਨੀ ਪਰਿਵਾਰ ਤੋਂ ਉੱਠ ਕੇ ਲੋੜਵੰਦਾਂ ਦੀ ਜੋ ਸੇਵਾ ਕੀਤੀ ਹੈ ਇਸ ਕਾਰਨ ਸੈਣੀ ਬਰਾਦਰੀ ਨੂੰ ਬਹੁਤ ਮਾਣ ਹੈ।

## ਹਰਦੀਪ ਸਿੰਘ ਮੁੰਡੀਆਂ

ਸੈਣੀ ਬਰਾਦਰੀ ਦੇ ਸ. ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਵਿਧਾਨ ਸਭਾ ਦੀਆਂ ਫਰਬਰੀ 2022 ਵਿੱਚ ਹੋਈਆਂ ਚੋਣਾਂ ਸਮੇਂ ਹਲਕਾ ਸਾਹਨੇਵਾਲ (ਲੁਧਿਆਣਾ) ਤੋਂ ਆਪਣੇ ਨਿਕਟਤਮ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਬਿਕਰਮ ਸਿੰਘ ਬਾਜਵਾ ਨੂੰ 15193 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਆਪ ਨੇ ਇਹ ਸਫਲਤਾ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਪ੍ਰਾਪਤ ਕੀਤੀ। ਇਸ ਤੋਂ ਪਹਿਲਾਂ 2012 ਅਤੇ 2017 ਵਿੱਚ ਅਕਾਲੀ ਦਲ ਦੇ ਸ਼ਰਨਜੀਤ ਸਿੰਘ ਢਿੱਲੋਂ ਦਾ ਇਸ ਸੀਟ 'ਤੇ ਕਬਜ਼ਾ ਰਿਹਾ ਹੈ। ਸ. ਹਰਦੀਪ ਸਿੰਘ ਦਾ ਪਿਛੋਕੜ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਮੁਕੇਰੀਆਂ ਦੇ ਪਿੰਡ ਲਾਦਪੁਰ ਦਾ ਹੈ। ਆਪ ਦਾ ਜਨਮ 10 ਜੂਨ, 1976 ਨੂੰ ਸ. ਦਰਸ਼ਨ ਸਿੰਘ ਦੇ ਆਮ ਕਿਸਾਨੀ ਪਰਿਵਾਰ ਵਿੱਚ ਹੋਇਆ। ਆਪ ਨੇ ਬਾਰ੍ਹਵੀਂ ਜਮਾਤ ਪਾਸ ਕਰ ਕੇ ਲੁਧਿਆਣਾ ਵਿਖੇ ਆਪਣਾ ਕਾਰੋਬਾਰ ਆਰੰਭ ਕਰ ਲਿਆ। ਆਪ ਇਸ ਸਮੇਂ ਲੁਧਿਆਣਾ-ਚੰਡੀਗੜ੍ਹ ਮੁੱਖ ਸੜਕ 'ਤੇ ਹੋਟਲ , ਟਾਇਲ ਮੈਨੂਫੈਕਚੁਰੇਰਿੰਗ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਹੇ ਹਨ।



ਆਪ ਕਾਰੋਬਾਰ ਦੇ ਨਾਲ ਨਾਲ ਲੋਕ ਭਲਾਈ ਦੇ ਕੰਮਾਂ ਵਿੱਚ ਬਹੁਤ ਦਿਲਚਸਪੀ ਲੈਂਦੇ ਹਨ। ਇਸ ਅਧੀਨ ਆਪ ਰਾਧਾ ਸੁਆਮੀ ਸਤਸੰਗ ਲੁਧਿਆਣਾ ਦੇ ਮੈਂਬਰ ਅਤੇ ਸਕੱਤਰ ਹਨ।

ਬਾਕੀ ਸਫਾ 11 'ਤੇ

ਜੀਵਨ ਜਾਚ

# ਸਭੁ ਕੋ ਮੀਤੁ ਹਮ ਆਪਨ ਕੀਨਾ

ਡਾ. ਰਣਜੀਤ ਸਿੰਘ
ਲੁਧਿਆਣਾ



ਅਮਰੀਕਾ ਵਿਚ ਲੋਕਰਾਜ ਦੀ ਸਥਾਪਨਾ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਨੇ ਆਖਿਆ ਸੀ ਕਿ ਦੋਸਤੀਆਂ ਬਨਾਉਣਾ ਜਿਸ ਇਨਸਾਨ ਦੀ ਕਮਜ਼ੋਰੀ ਹੈ, ਉਹ ਹੀ ਉਸ ਦੀ ਸਭ ਤੋਂ ਤਾਕਤ ਹੈ। ਸਮਾਜ ਦਾ ਆਧਾਰ ਮਨੁੱਖੀ ਰਿਸ਼ਤੇ ਹਨ ਅਤੇ ਮਨੁੱਖੀ ਰਿਸ਼ਤਿਆਂ ਦਾ ਆਧਾਰ ਪ੍ਰੇਮ ਹੈ। ਜਿਸ ਰਿਸ਼ਤੇ ਵਿਚ ਪ੍ਰੇਮ ਨਹੀਂ ਉਹ ਭਾਵੇਂ ਕਿਤਨਾ ਵੀ ਨੇੜਲਾ ਕਿਉਂ ਨਾ ਹੋਵੇ ਇਕ ਬੰਧਨ ਹੁੰਦਾ ਹੈ ।

ਦੋਸਤੀ ਇਕ ਪਵਿੱਤਰ ਰਿਸ਼ਤਾ ਹੈ। ਜਦੋਂ ਇਸ ਦੇ ਨਾਲ ਮਤਲਬ ਜੁੜ ਜਾਵੇ ਫਿਰ ਦੋਸਤੀ ਦਾ ਅੰਤ ਹੋ ਜਾਂਦਾ ਹੈ ਅਤੇ ਉਹ ਕੇਵਲ ਵਿਖਾਵਾ ਹੀ ਬਣ ਜਾਂਦੀ ਹੈ। ਮਤਲਬ ਲਈ ਪਾਈਆਂ ਦੋਸਤੀਆਂ ਸਥਾਈ ਅਤੇ ਭਰੋਸੇਯੋਗ ਨਹੀਂ ਹੁੰਦੀਆਂ। ਦੋਸਤੀ ਦਾ ਅਰਥ ਤਾਂ ਇਕ ਦੂਜੇ ਦੇ ਦੁੱਖ ਸੁੱਖ ਵਿਚ ਭਾਈਵਾਲ ਹੋਣਾ ਹੈ। ਆਪੋ ਵਿਚ ਵਿਚਾਰ-ਵਟਾਂਦਰੇ ਨਾਲ ਨਵੇਂ ਵਿਚਾਰ ਜਨਮ ਲੈਂਦੇ ਹਨ, ਜਿਹੜੇ ਵਿਕਾਸ ਦਾ ਆਧਾਰ ਬਣਦੇ ਹਨ। ਸੱਚਾ ਦੋਸਤ ਉਹ ਹੈ ਜਿਹੜਾ ਮੂੰਹ ਉੱਤੇ ਔਗੁਣ ਬਿਆਨ ਕਰਨ ਦੀ ਹਿੰਮਤ ਰੱਖਦਾ ਹੋਵੇ ਅਤੇ ਪਿੱਠ ਪਿੱਛੇ ਗੁਣਾਂ ਦਾ ਵਖਿਆਨ ਕਰੇ । ਗੁਰੂ ਅਰਜਨ ਸਾਹਿਬ ਨੇ ਦੋਸਤੀ ਦੀ ਬਹੁਤ ਹੀ ਸੁੰਦਰ ਪਰਿਭਾਸ਼ਾ ਦਿੱਤੀ ਹੈ:

ਆਦਿ ਮਧਿ ਜੋ ਅੰਤਿ ਨਿਬਾਹੈ ॥
ਸੋ ਸਾਜਨੁ ਮੇਰਾ ਮਨੁ ਚਾਹੈ॥

ਘਰ ਵਿਚ ਜੇਕਰ ਪਤੀ ਪਤਨੀ ਵਿਚ ਦੋਸਤੀ ਨਹੀਂ ਤਾਂ ਘਰੋਂ ਖੁਸ਼ੀ ਗਾਇਬ ਹੀ ਰਹਿੰਦੀ ਹੈ। ਬੱਚੇ ਦੇ ਜੇ ਕਰ ਸਕੂਲ ਵਿਚ ਦੋਸਤ ਨਹੀਂ ਹਨ, ਕਰਮਚਾਰੀ ਦੀ ਸਹਿਕਰਮੀਆਂ ਨਾਲ ਦੋਸਤੀ ਨਹੀਂ ਹੈ, ਭਾਈਚਾਰੇ ਵਿਚ ਆਪਣਿਆਂ ਦੀ ਘਾਟ ਹੈ ਤਾਂ ਜੀਵਨ ਨੀਰਸ ਹੋ ਜਾਂਦਾ ਹੈ। ਸਮਾਂ ਤਾਂ ਬੀਤ ਹੀ ਜਾਂਦਾ ਹੈ ਪਰ ਇਸ ਨੂੰ ਅਨੰਦਮਈ ਨਹੀਂ ਆਖਿਆ ਜਾ ਸਕਦਾ। ਦੋਸਤੀ ਇਕ ਤਰਫ਼ਾ ਵੀ ਨਹੀ ਹੁੰਦੀ। ਦੋਸਤੀਆਂ ਪਾਈਆਂ ਨਹੀਂ ਜਾਂਦੀਆਂ ਸਗੋਂ ਆਪਣੇ ਆਪ ਹੋ ਜਾਂਦੀਆਂ ਹਨ।

ਅਚਨਚੇਤ ਕੋਈ ਮਿਲਦਾ ਹੈ, ਉਹ ਮਨ ਨੂੰ ਭਾਉਂਦਾ ਹੈ ਅਤੇ ਉਸ ਨਾਲ ਪ੍ਰੇਮ ਹੋ ਜਾਂਦਾ ਹੈ। ਪਰ ਇਹ ਪ੍ਰੇਮ ਉਦੋਂ ਤੱਕ ਇਕਤਰਫ਼ਾ ਹੈ ਜਦੋਂ ਅਗੋਂ ਹੁੰਗਾਰਾ ਨਾ ਮਿਲੇ। ਅੱਗੋਂ ਹੁੰਗਾਰਾ ਉਦੋਂ ਹੀ ਮਿਲਦਾ ਹੈ ਜੇਕਰ ਉਸ ਨੂੰ ਵੀ ਤੁਸੀ ਚੰਗੇ ਲਗਦੇ ਹੋ। ਦੋਸਤ ਹੀ ਖੁਸ਼ੀ ਦਾ ਆਧਾਰ ਬਣਦੇ ਹਨ। ਜਦੋਂ ਦੋਸਤੀ ਦਾ ਘੇਰਾ ਵਿਸ਼ਾਲ ਹੋਵੇ ਫਿਰ ਦੁਖ ਵੀ ਸੁਖ ਵਿਚ ਤਬਦੀਲ ਹੋ ਜਾਂਦਾ ਹੈ ।

ਦੁੱਖ-ਸੁੱਖ, ਅਮੀਰੀ-ਗਰੀਬੀ ਤਾਂ ਜੀਵਨ ਦਾ ਹਿੱਸਾ ਹਨ। ਇਹ ਆਉਂਦੇ-ਜਾਂਦੇ ਰਹਿੰਦੇ ਹਨ। ਜਿਸ ਦਾ ਪੱਲੂ ਦੋਸਤੀਆਂ ਨਾਲ ਭਰਿਆ ਹੋਇਆ ਹੈ ਉਹ ਸੁੱਖ ਦੀ ਘੜੀ ਦਾ ਪੂਰਾ ਅਨੰਦ ਮਾਣਦਾ ਹੈ ਅਤੇ ਦੁਖ ਦੀ ਘੜੀ ਆਉਦੀ ਹੈ ਤਾਂ ਦੋਸਤਾਂ ਦੇ ਸਹਾਰੇ ਦੁੱਖ ਦੀ ਪ੍ਰਵਾਹ ਨਹੀ ਕਰਦਾ। ਸਫ਼ਲ ਮਨੁੱਖ ਉਹ ਹੀ ਹੈ ਜਿਹੜਾ ਹਰੇਕ ਰੰਗ ਵਿਚ ਖੁਸ਼ ਅਤੇ ਚੜ੍ਹਦੀ ਕਲਾ ਵਿਚ ਰਹੇ। ਖੁਸ਼ੀ ਗ੍ਰਹਿਣ ਕੀਤੀ ਜਾਂਦੀ ਹੈ, ਇਹ ਆਪਣੇਆਪ ਪ੍ਰਾਪਤ ਨਹੀਂ ਹੁੰਦੀ ।

ਖੁਸ਼ ਰਹਿਣਾ ਇਕ ਕਲਾ ਹੈ ਜਿਸ ਨੂੰ ਚੜ੍ਹਦੀ ਕਲਾ ਦੇ ਸਬਕ ਨਾਲ ਸਿੱਖਿਆ ਜਾ ਸਕਦਾ ਹੈ। ਆਪਣੇ ਗੁੱਸੇ ਅਤੇ ਗਮ ਨੂੰ ਇੰਨਾ ਮਹਿੰਗਾ ਕਰ ਦੇਣਾ ਚਾਹੀਦਾ ਹੈ ਕਿ ਕੋਈ ਇਸ ਨੂੰ ਖਰੀਦਣ ਲਈ ਅੱਗੇ ਨਾ ਆਵੇ। ਆਪਣੀਆਂ ਖੁਸ਼ੀਆਂ ਨੂੰ ਇੰਨਾ ਸਸਤਾ ਕਰ ਦੇਣਾ ਚਾਹੀਦਾ ਹੈ ਕਿ ਸਾਰੇ ਝੋਲੀਆਂ ਭਰ ਭਰ ਕੇ ਲੈ ਜਾਣ। ਆਪਣੇ-ਆਪ ਉੱਤੇ ਅਤੇ ਆਪਣੀ ਦੋਸਤੀ ਉਤੇ ਮਾਣ ਕਰਨ ਦੀ ਜਾਚ ਸਿੱਖੋ ਤਾਂ ਜੋ ਅੱਜ ਨੂੰ ਮਾਣਿਆ ਅਤੇ ਕਲ੍ਹ ਨੂੰ ਸ਼ਿੰਗਾਰਿਆ ਜਾ ਸਕੇ। ਪਿੱਛੇ ਵੱਲ ਝਾਕਣ ਦੀ ਲੋੜ ਨਹੀ ਹੈ। ਕਾਰ ਵਿਚ ਅਗਲਾ ਸ਼ੀਸ਼ਾ ਬੁਹਤ ਵੱਡਾ ਹੁੰਦਾ ਹੈ ਜਦੋਂ ਕਿ ਪਿੱਛੇ ਨੂੰ ਦੇਖਣ ਲਈ ਬਹੁਤ ਛੋਟਾ ਸ਼ੀਸ਼ਾ ਹੁੰਦਾ ਹੈ। ਇਸ ਦਾ ਭਾਵ ਹੈ ਕਿ ਪਿੱਛੇ ਵੱਲ ਝਾਕਣ ਦੀ ਥਾਂ ਅੱਗੇ ਵੱਲ ਧਿਆਨ ਰੱਖੋ ਅਤੇ ਸਫ਼ਰ ਦਾ ਅਨੰਦ ਮਾਣੋ।

ਸੰਸਾਰ ਵਿਚ ਸ਼ਾਇਦ ਹੀ ਕੋਈ ਅਜਿਹਾ ਇਨਸਾਨ ਹੋਵੇਗਾ ਜਿਹੜਾ ਸਫ਼ਲਤਾ ਦੀਆਂ ਪੌੜੀਆਂ ਨਾ ਚੜ੍ਹਨਾ ਚਾਹੁੰਦਾ ਹੋਵੇ। ਇਸ ਪੌੜੀ ਦੇ ਡੰਡੇ ਦੋਸਤੀਆਂ ਹੀ ਬਣਦੀਆਂ ਹਨ। ਇਕ ਥਾਂ ਖੜ੍ਹਾ ਪਾਣੀ ਜਿਵੇਂ ਖਰਾਬ ਹੋ ਜਾਦਾ ਹੈ ਇਵੇਂ ਹੀ ਮਨੁੱਖ ਦੇ ਜੀਵਨ ਦੀ ਖੜੋਤ ਉਸ ਲਈ ਸਰਾਪ ਬਣ ਜਾਂਦੀ ਹੈ। ਜ਼ਿੰਦਗੀ ਜੀਉਣ ਦੀ ਥਾਂ ਉਹ ਸਮੇਂ ਨੂੰ ਧੱਕਾ ਹੀ ਦਿੰਦਾ ਹੈ। ਸਮਾਂ ਇਕ ਸ਼ਕਤੀ ਹੈ ਅਤੇ ਰਵਾਨਗੀ ਦਾ ਪ੍ਰਤੀਕ ਹੈ। ਸਮੇ ਦੇ ਨਾਲ ਤੁਰਨਾ ਜਾਂ ਇੰਝ ਆਖੋ ਕਿ ਸਮੇ ਤੋਂ ਵੀ ਅੱਗੇ ਤੁਰਨਾ ਸਫ਼ਲਤਾ ਦੀ ਨੀਂਹ ਰੱਖਣਾ ਹੈ। ਇਸੇ ਨੀਂਹ ਉੱਤੇ ਹੀ ਪ੍ਰਾਪਤੀ ਦੀਆਂ ਇੱਟਾਂ ਨਾਲ ਉਸਾਰੀ ਕੀਤੀ ਜਾਂਦੀ ਹੈ। ਜੇਕਰ ਨੀਂਹ ਰੱਖੀ ਹੀ ਨਾ ਜਾਵੇ ਅਤੇ ਪ੍ਰਾਪਤੀ ਦੀਆਂ ਇੱਟਾਂ ਪੱਥੀਆਂ ਹੀ ਨਾ ਜਾਣ ਫਿਰ ਇਮਾਰਤ ਦੇ ਸੁਪਨੇ ਸਾਕਾਰ ਨਹੀਂ ਕੀਤੇ ਜਾ ਸਕਦੇ।

ਮਨੁੱਖੀ ਜੀਵਨ ਨੂੰ ਇਸ ਸੰਸਾਰ ਵਿਚ ਸਰਵਸ੍ਰੇਸ਼ਟ ਮੰਨਿਆ ਜਾਂਦਾ ਹੈ। ਇਸ ਦਾ ਮੁੱਖ ਆਧਾਰ ਮਨੁੱਖ ਵਿਚ ਬਾਣੀ ਦੀ ਸ਼ਕਤੀ ਅਤੇ ਹੱਸਣ ਦੀ ਕਲਾ ਦਾ ਹੋਣਾ ਹੈ। ਬਾਣੀ ਦੀ ਸ਼ਕਤੀ ਸਦਕਾ ਹੀ ਰਿਸ਼ਤਿਆਂ ਦੀ ਪਹਿਚਾਣ ਬਣਦੀ ਹੈ। ਇਹੋ ਪਹਿਚਾਣ ਪਰਿਵਾਰ ਅਤੇ ਸਮਾਜ ਦਾ ਆਧਾਰ ਬਣਦੀ ਹੈ ਤੇ ਪਿਆਰ ਇਨ੍ਹਾਂ ਦੀ ਉਸਾਰੀ ਕਰਦਾ ਹੈ। ਜੇਕਰ ਬਾਣੀ ਮੈਲੀ ਹੋ ਜਾਵੇ ਤਾਂ ਰਿਸ਼ਤਿਆਂ ਵਿਚ ਤ੍ਰੇੜਾਂ ਆ ਜਾਂਦੀਆਂ ਹਨ ਅਤੇ ਪਿਆਰ ਦਾ ਵੀ ਕਤਲ ਹੋ ਜਾਂਦਾ ਹੈ।

ਜਦੋਂ ਅਸੀ ਮੈਲੇ ਕਪੜੇ ਨਹੀ ਪਹਿਨਦੇ, ਮੈਲਾ ਸਰੀਰ ਨਹੀ ਰੱਖਦੇ, ਫਿਰ ਬਾਣੀ ਮੈਲੀ ਕਿਉਂ ਰੱਖੀ ਜਾਵੇ? ਜਦੋਂ ਬਾਣੀ ਮੈਲੀ ਹੋ ਜਾਵੇ ਤਾਂ ਸਮਝੋ ਇਨਸਾਨੀਅਤ ਖ਼ਤਮ ਹੋ ਜਾਂਦੀ ਹੈ। ਇਸੇ ਕਰਕੇ ਇਨਸਾਨ ਨੂੰ ਵਾਰ ਵਾਰ ਬੰਦਾ ਬਣਨ ਲਈ ਆਖਣਾ ਪੈਂਦਾ ਹੈ। ਦੂਜਾ ਗੁਣ ਹੱਸਣ ਦਾ ਹੈ। ਜਿਹੜਾ ਇਨਸਾਨ ਹੱਸਣਾ ਭੁੱਲ ਜਾਵੇ, ਜਿਸ ਪਰਿਵਾਰ ਵਿਚੋਂ ਹਾਸੇ ਗੁੰਮ ਹੋ ਜਾਣ ਅਤੇ ਚੌਗਿਰਦੇ ਵਿਚ ਖਾਮੋਸ਼ੀ ਛਾ ਜਾਵੇ ਉਥੇ ਜੀਵਨ ਨੀਰਸ ਹੋ ਜਾਂਦਾ ਹੈ, ਇਨਸਾਨ ਇਕੱਲਤਾ ਦੇ ਸਰਾਪ ਦਾ ਭਾਗੀਦਾਰ ਬਣ ਜਾਂਦਾ ਹੈ। ਇਸ ਕਰਕੇ ਆਖਿਆ ਜਾਂਦਾ ਹੈ, "ਹੱਸਦਿਆਂ ਦੇ ਘਰ ਵਸਦੇ"। ਇਸ ਦੇ ਨਾਲ ਹੀ ਤਨ ਤੇ ਮਨ ਤੰਦਰੁਸਤ ਹੋ ਜਾਂਦੇ ਹਨ। ਜੀਭ ਇਕ ਮਾਸ ਦਾ ਛੋਟਾ ਜਿਹਾ ਟੁਕੜਾ ਹੈ ਪਰ ਹੈ ਇਹ ਬਹੁਤ ਸ਼ਕਤੀਸ਼ਾਲੀ । ਇਹ ਜੀਭ ਮਜ਼ਬੂਤ ਤੋਂ ਮਜ਼ਬੂਤ ਰਿਸ਼ਤੇ ਨੂੰ ਦੋ ਬੋਲਾਂ ਨਾਲ ਤੋੜ ਸਕਦੀ ਹੈ ਅਤੇ ਦੋ ਬੋਲਾਂ ਨਾਲ ਹੀ ਟੁੱਟੇ ਹੋਏ ਰਿਸ਼ਤਿਆਂ ਨੂੰ ਜੋੜ ਸਕਦੀ ਹੈ। ਫਿਰ ਇਸ ਦੀ ਵਰਤੋਂ ਰਿਸ਼ਤੇ ਤੋੜਣ ਦੀ ਥਾਂ ਰਿਸ਼ਤੇ ਜੋੜਣ ਲਈ ਕਿਉਂ ਨਾ ਕੀਤੀ ਜਾਵੇ? ਗੁਰੂ ਨਾਨਕ ਸਾਹਿਬ ਨੇ ਬੋਲਾਂ ਦੇ ਇਸ ਗੁਣ ਨੂੰ ਬਹੁਤ ਹੀ ਸੁੰਦਰ ਸ਼ਬਦਾਂ ਰਾਹੀਂ ਚਿਤਰਿਆ ਹੈ;

ਕੋਮਲ ਬਾਣੀ ਸਭ ਕਉ ਸੰਤੋਖੈ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰ॥
ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥

ਜਿੱਥੇ ਮਿੱਠਾ ਬੋਲਣਾ ਮਨੁੱਖ ਦਾ ਸਭ ਤੋਂ ਚੰਗਾ ਗੁਣ ਹੈ ਉਥੇ ਫਿੱਕਾ ਜਾਂ ਗੁੱਸੇ ਭਰੇ ਬੋਲ ਮਨੁੱਖ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਫਿੱਕਾ ਬੋਲਿਆਂ ਸੁਨਣ ਵਾਲੇ ਦਾ ਹੀ ਮਨ ਦੁਖੀ ਨਹੀਂ ਹੁੰਦਾ ਸਗੋਂ ਆਪਣਾ ਤਨ ਤੇ ਮਨ ਦੁਖੀ ਹੋ ਜਾਂਦੇ ਹਨ। ਮਨ ਦਾ ਸਿੱਧਾ ਸਬੰਧ ਤਨ ਨਾਲ ਹੁੰਦਾ ਹੈ। ਦੁਖੀ ਮਨ ਤਨ ਨੂੰ ਵੀ ਦੁਖੀ ਕਰਦਾ ਹੈ। ਵਿਗਿਆਨੀਆਂ ਨੇ ਵੀ ਇਹ ਸਿੱਧ ਕਰ ਦਿੱਤਾ ਹੈ ਕਿ ਮਿੱਠਾ ਬੋਲਣ ਨਾਲ ਸਰੀਰ ਵਿਚ ਅਜਿਹੇ ਰਸ ਉਪਜਦੇ ਹਨ ਜਿਹੜੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਸ਼ਕਤੀ ਪ੍ਰਦਾਨ ਕਰਦੇ ਹਨ। ਇਸ ਦਾ ਭਾਵ ਇਹ ਹੋਇਆ ਕਿ ਮਿੱਠਾ ਬੋਲਣ ਵਾਲੇ ਮਨੁੱਖ ਦਾ ਮਨ ਤਾਂ ਸੁਖੀ ਰਹਿੰਦਾ ਹੀ ਹੈ ਸਗੋਂ ਤਨ ਵੀ ਤੰਦਰੁਸਤ ਰਹਿੰਦਾ ਹੈ।

ਫਿੱਕਾ ਬੋਲਣ ਦਾ ਕ੍ਰੋਧ ਨਾਲ ਸਿੱਧਾ ਸਬੰਧ ਹੈ। ਜਦੋਂ ਮਨੁੱਖ ਫ਼ਿੱਕਾ ਬੋਲਦਾ ਹੈ ਤਾਂ ਕ੍ਰੋਧ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ। ਕ੍ਰੋਧ ਇਕ ਅਜਿਹੀ ਬਿਮਾਰੀ ਹੈ ਜਿਹੜੀ ਮਨ ਅਤੇ ਤਨ ਦੋਹਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਮਨੁੱਖੀ ਜੀਵਨ ਸਭ ਤੋਂ ਅਨਮੋਲ ਹੈ ਜੇਕਰ ਇਸ ਨੂੰ ਫਿੱਕਾ ਬੋਲਿਆਂ ਅਤੇ ਕ੍ਰੋਧ ਕੀਤਿਆਂ ਭੰਗ ਦੇ ਭਾੜੇ ਗੁਆ ਲਿਆ ਫਿਰ ਤਾਂ ਸਾਥੋਂ ਜਾਨਵਰ ਹੀ ਚੰਗੇ ਹਨ। ਫਿੱਕਾ ਬੋਲਿਆਂ ਦੋਸਤੀਆਂ ਟੁੱਟਦੀਆਂ ਹਨ ਜਦੋਂ ਕਿ ਮਿਠਾਸ ਦੋਸਤੀਆਂ ਜੋੜਦੀ ਹੈ। ਸਾਡਾ ਮਿੱਠਾ ਬੋਲਣਾ ਤਾਂ ਸਾਡੇ ਆਪਣੇ ਲਈ ਹੀ ਗੁਣਕਾਰੀ ਹੈ। ਇਸ ਨਾਲ ਮਨ ਉਜਲਾ ਅਤੇ ਤਨ ਤੰਦਰੁਸਤ ਰਹਿੰਦਾ ਹੈ। ਵਾਤਾਵਰਣ ਸੁਗੰਧੀ ਭਰਿਆ ਹੋ ਜਾਂਦਾ ਹੈ। ਸੰਗੀ ਸਾਥੀਆਂ ਦਾ ਪਿਆਰ ਅਤੇ ਸਤਿਕਾਰ ਪ੍ਰਾਪਤ ਹੁੰਦਾ ਹੈ। ਜੇਕਰ ਸੰਸਾਰ ਵਿਚ ਸਾਰੇ ਮਿੱਠਾ ਬੋਲਣ ਲੱਗ ਪੈਣ ਫਿਰ ਕਿਸੇ ਥਾਂ ਕੋਈ ਵੀ ਝਗੜਾ ਨਹੀਂ ਹੋ ਸਕਦਾ।

ਜ਼ਰਾ ਸੋਚੋ! ਆਪਾਂ ਕਿਉਂ ਨਾ ਇਸ ਸੰਸਾਰ ਨੂੰ ਸਵਰਗ ਬਣਾ ਲਈਏ ਜਿੱਥੇ ਲੜਾਈ-ਝਗੜਿਆਂ ਲਈ ਕੋਈ ਥਾਂ ਨਾ ਹੋਵੇ। ਹਰ ਪਾਸੇ ਪਿਆਰ ਦੀ ਗੰਗਾ ਵਗਦੀ ਹੋਵੇ। ਆਵੋ! ਦੋਸਤੀਆਂ ਪਾਈਏ, ਪ੍ਰੇਮ ਦੀ ਗੰਗਾ ਵਗਾਈਏ ਤੇ ਇਸ ਸੰਸਾਰ ਨੂੰ ਸਵਰਗ ਬਣਾਈਏ। ਗੁਰੂ ਅਰਜਨ ਸਾਹਿਬ ਦੇ ਇਨ੍ਹਾਂ ਹੁਕਮਾਂ ਨੂੰ ਮਨ ਵਿਚ ਵਸਾਈਏ ਅਤੇ ਸਾਰੇ ਸੰਸਾਰ ਨੂੰ ਆਪਣਾ ਬਣਾਈਏ;

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥

❋ ❋ ❋ ❋ ❋

...ਸਫਾ 9 ਦੀ ਬਾਕੀ

ਆਪ ਕਈ ਸਾਲਾਂ ਤੋਂ ਗਰੀਬ ਤੇ ਲੋੜਵੰਦਾਂ ਲਈ ਮੁੰਡੀਆਂ ਅਤੇ ਕੋਹਾੜਾ ਵਿੱਚ ਮੁਫਤ ਅੱਖਾਂ ਦੇ ਚੈਕਅਪ ਕੈਂਪ ਲਗਾਉਂਦੇ ਆ ਰਹੇ ਹਨ ਜਿਨ੍ਹਾਂ ਵਿੱਚ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਵੀ ਦਿੱਤੀਆਂ ਜਾਂਦੀਆਂ ਹਨ। ਸਾਲ 2020 ਤੇ 2021 ਵਿੱਚ ਲਾਕਅਪ ਦੌਰਾਨ ਆਪ ਨੇ ਆਪਣੇ ਹੋਟਲ ਅਤੇ ਦਫਤਰ ਵਿੱਚ ਲੰਗਰ ਲਗਾ ਕੇ ਲੋਕਾਂ ਦੀ ਸੇਵਾ ਕੀਤੀ। ਇਸ ਕਾਰਨ ਆਪ ਇਲਾਕੇ ਵਿੱਚ ਹਰਮਨਪਿਆਰੇ ਹਨ। ਲੋਕ ਭਲਾਈ ਦੇ ਮਿਸ਼ਨ ਦੀ ਪੂਰਤੀ ਹਿਤ ਆਪ ਨੇ ਰਾਜਨੀਤੀ ਵਿੱਚ ਪੈਰ ਧਰਿਆ ਅਤੇ 2002-2017 ਤੱਕ ਕਾਂਗਰਸ ਪਾਰਟੀ ਦੀ ਸਥਾਨਿਕ ਸ਼ਾਖਾ ਦੇ ਸਰਗਰਮ ਮੈਂਬਰ ਅਤੇ ਫਿਰ ਹਲਕਾ ਇੰਚਾਰਜ ਰਹੇ। ਸੰਨ 2018 ਵਿੱਚ ਆਪ ਨੇ ਲੁਧਿਆਣਾ ਜ਼ਿਲ੍ਹੇ ਦੀ ਕਾਗਰਸ ਕਮੇਟੀ ਦੇ ਸੀਨੀਅਰ ਵਾਇਸ ਪਰੈਜ਼ੀਡੈਂਟ(ਦਿਹਾਤੀ) ਬਣਨ ਵਿੱਚ ਸਫਲਤਾ ਹਾਸਲ ਕੀਤੀ। ਆਪ 2018 ਵਿੱਚ ਲੁਧਿਆਣਾ ਮਿਊਂਸਿਪਲ ਕਾਰਪੋਰੇਸ਼ਨ ਦੇ ਕੌਂਸਲਰ ਚੁਣੇ ਗਏ ਜਿਸ ਦੌਰਾਨ ਆਪ ਨੇ ਆਪਣੇ ਇਲਾਕੇ ਵਿੱਚ ਵਿਕਾਸ ਕਾਰਜ ਕਰ ਕੇ ਅਤੇ ਦਫਤਰਾਂ ਵਿੱਚ ਜਾ ਕੇ ਲੋਕਾਂ ਦੇ ਨਿਜੀ ਕੰਮ ਕਰਵਾ ਕੇ ਉਨ੍ਹਾਂ ਤੋਂ ਵਾਹਵਾਹ ਖੱਟੀ। ਇਸ ਸਦਕਾ ਉਹ ਸਾਹਨੇਵਾਲ ਵਿਧਾਨ ਸਭਾ ਹਲਕੇ ਦੇ ਪ੍ਰਤਿਨਿਧ ਬਣਨ ਦੇ ਯੋਗ ਹੋ ਗਏ। ਪਰ ਕਾਂਗਰਸ ਪਾਰਟੀ ਨੇ ਆਪ ਦੀ ਸਮਰਥਾ ਨੂੰ ਅਣਗੌਲਿਆਂ ਕਰ ਦਿੱਤਾ ਜਿਸ ਕਾਰਨ ਚੋਣਾਂ ਤੋਂ ਕੁੱਝ ਸਮਾਂ ਪਹਿਲਾਂ ਆਪ ਕਾਂਗਰਸ ਤੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਹ ਵਰਣਨਯੋਗ ਹੈ ਕਿ ਸਾਹਨੇਵਾਲ ਇਲਾਕੇ ਵਿੱਚ ਸੈਣੀ ਬਰਾਦਰੀ ਦੇ ਲੋਕਾਂ ਦੀ ਆਬਾਦੀ ਨਾਮਾਤਰ ਹੀ ਹੈ। ਇਸ ਦੇ ਬਾਵਜੂਦ ਆਪਣੀ ਲਿਆਕਤ ਨਾਲ ਇਹ ਸਫਲਤਾ ਹਾਸਲ ਕਰਨੀ ਬਹੁਤ ਮਾਣ ਅਹਿਮ ਗੱਲ ਹੈ। ਇਸ ਨਾਲ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

# ਅੰਤਰਰਾਸ਼ਟਰੀ ਮਹਿਲਾ ਦਿਵਸ- ਇੱਕ ਦ੍ਰਿਸ਼ਟੀਕੋਣ

ਦਵਿੰਦਰ ਜਟਾਣਾ
ਰੂਪਨਗਰ



ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿੱਚ ਔਰਤ ਦਿਵਸ ਮਨਾਉਂਦਿਆਂ ਬੇਸ਼ਕ ਇੱਕ ਸਦੀ ਤੋਂ ਵੱਧ ਸਮਾਂ ਹੋ ਚੱਲਿਆ ਹੈ ਪਰ ਇੱਕ ਮੁੱਦਤ ਤੋਂ ਬਹਾਦਰ ਔਰਤਾਂ ਦੇ ਸਮਾਜਿਕ, ਰਾਜਨੀਤਿਕ ਤੇ ਸਾਹਿਤਕ ਕਾਰਨਾਮਿਆਂ ਦੇ ਕਿੱਸੇ ਕਹਾਣੀਆਂ ਪੜ੍ਹਨ-ਸੁਣਨ ਨੂੰ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਦੇ ਸਮੇ ਮਾਈ ਭਾਗ ਕੌਰ ਦੀ ਲਾਸਾਨੀ ਹਿੰਮਤ ਦੇ ਜੌਹਰ, ਬੀਬੀ ਸ਼ਰਨ ਕੌਰ ਦੀ ਦਲੇਰੀ, ਮਾਤਾ ਗੁਜਰੀ ਦੀ ਦੁਨੀਆਂ ਦੇ ਇਤਿਹਾਸ ਵਿੱਚ ਅਦੁੱਤੀ ਸਹਿਣਸ਼ੀਲਤਾ, ਸਿਰੜ ਤੇ ਜ਼ੁਲਮ ਖਿਲਾਫ਼ ਪਰਿਵਾਰ ਨੂੰ ਅੱਖਾਂ ਸਾਹਵੇਂ ਵਾਰ ਦੇਣਾ, ਫੂਲਕੀਆਂ ਸਟੇਟ ਦੀ ਰਾਣੀ ਸਾਹਿਬ ਕੌਰ ਦੀ ਜੰਗ ਵਿਚ ਅਗਵਾਈ ਆਦਿ। ਇਸ ਬਾਰੇ ਕਿਸੇ ਕਵੀ ਨੇ ਲਿਖਿਆ ਸੀ–

ਲਿਖਿਆ ਸਾਹਿਬ ਕੌਰ ਨੇ ਅੰਟਾ ਰਾਓ ਤਾਣੀਂ,
ਮੈਂ ਨਾਗਣ ਡੰਗਾਂ ਜਿਸ ਨੂੰ ਨਹੀ ਮੰਗਦਾ ਉਹ ਪਾਣੀ ।

ਅੰਗੇਰਜ਼ੀ ਹਕੂਮਤ ਖਿਲਾਫ਼ ਝਾਂਸੀ ਦੀ ਰਾਣੀ, ਬਟਾਲਾ ਦੀ ਸਿੱਖ ਮਿਸਲ ਦੀ ਸਰਦਾਰਨੀ ਸਦਾ ਕੌਰ ਭਾਰਤ ਦੀ ਜੰਗ ਆਜ਼ਾਦੀ ਵਿਚਲੀਆਂ ਮਹਾਨ ਗਦਰੀ ਸੂਰਬੀਰਨਾ ਗੁਲਾਬ ਕੌਰ, ਦੁਰਗਾ ਭਾਬੀ ਤੇ ਅਰੁਨਾ ਆਸਫ ਅਲੀ। ਕਲਮ ਰਾਹੀ ਜ਼ੁਲਮ ਖਿਲਾਫ ਆਵਾਜ਼ ਬੁਲੰਦ ਕਰਨ ਵਾਲੀ ਮਹਾਨ ਕਵਿਤਰੀ ਅੰਮ੍ਰਿਤਾ ਪ੍ਰੀਤਮ ਵਿਰਲਾਪ ਕਰਦਿਆਂ ਲਿਖਦੇ ਹਨ–

ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਰਾਜਨੀਤਕ ਖੇਤਰ ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਜਿਸ ਦੇ ਚੁੱਕੇ ਦਲੇਰਾਨਾ ਫੈਸਲੇ ਨਾਲ ਦੁਨੀਆਂ ਦੇ ਨਕਸ਼ੇ ਤੇ ਇੱਕ ਨਵੇਂ ਦੇਸ਼ ਦਾ ਬਣਨਾ। ਪੁਲਾੜ ਵਿੱਚ ਨਵੀਆਂ ਪਿਰਤਾਂ ਪਾਉਣ ਵਾਲੀਆਂ ਪੁਲਾੜੀ ਔਰਤਾਂ, ਇਨ੍ਹਾ ਤੋਂ ਇਲਾਵਾ ਅਨੇਕਾਂ ਹੋਰ ਜਿਹਨਾਂ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿੱਚ ਯਾਦਗਾਰੀ ਪਲਾਂ ਤੇ ਘਟਨਾਵਾਂ ਨੂੰ ਜੋੜਿਆ। ਸਭ ਕੁਝ ਦੇ ਬਾਵਜੂਦ ਔਰਤਾਂ ਜਥੇਬੰਦਕ ਢਾਂਚੇ ਵਿੱਚ ਆਪਣੇ ਵਿਰੁੱਧ ਹੋ ਰਹੇ ਵਿਤਕਰੇ ਤੇ ਹੱਕਾਂ ਲਈ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਇੱਕਤਰ ਹੋਈਆਂ। 1908 ਵਿੱਚ ਨਿਊਯਾਰਕ ਸ਼ਹਿਰ ਵਿਚ ਕੰਮ ਦੇ ਘੰਟਿਆਂ ਵਿਚ ਰਾਹਤ, ਵੋਟ ਦਾ ਅਧਿਕਾਰ ਅਤੇ ਵਿਤਕਰੇ ਵਿਰੁੱਧ ਵੱਡੇ ਪੱਧਰ 'ਤੇ ਲਾਮਬੰਦ ਹੋਈਆਂ। ਜੱਥੇਬੰਧਕ ਢਾਂਚੇ ਦਾ ਅਹਿਮ ਕਦਮ 1910 ਵਿੱਚ ਜਰਮਨੀ ਦੇ ਸ਼ਹਿਰ ਕੌਪਿਨਹੈਗਨ ਜਿੱਥੇ ਕਲਾਰਾ ਜੈੱਟਕਿਨ ਤੇ ਰੋਜ ਲਗਜ਼ਮਬਰਗ ਦੀ ਅਗਵਾਈ ਹੇਠ ਔਰਤ ਦਿਵਸ ਨੂੰ ਔਰਤ ਹੱਕਾਂ ਲਈ ਸੰਘਰਸ਼ ਵਾਸਤੇ ਲਾਮਬੰਦੀ ਕੀਤੀ ਗਈ। ਇਹ ਬਾਅਦ ਵਿੱਚ 8 ਮਾਰਚ 1917 ਨੂੰ ਪਹਿਲੀ ਸੰਸਾਰ ਜੰਗ ਵਿਰੁੱਧ ਤੇ ਅਮਨ ਖਾਤਰ ਰੂਸ ਵਿੱਚ ਔਰਤਾਂ ਦਾ ਜਨ ਸੈਲਾਬ ਉਮੜਿਆਂ ਪਹਿਲੀ ਵਾਰ ਸਾਮਰਾਜੀ ਲੁਟ-ਖਸੁੱਟ ਵਿਰੁੱਧ ਜਿਸ ਵਿਚ ਲੱਖਾਂ ਮਾਵਾਂ ਦੇ ਪੁੱਤ, ਬੀਵੀਆਂ ਦੇ ਸ਼ੌਹਰ ਤੇ ਭੈਣਾਂ ਦੇ ਭਰਾ ਮੌਤ ਦੇ ਘਾਟ ਉਤਾਰੇ ਗਏ, ਪਰਿਵਾਰ ਤਬਾਹ ਹੋ ਗਏ। ਇਹ ਸੰਤਾਪ ਦੁਨੀਆਂ ਦੀ ਸਮੁੱਚੀ ਔਰਤ ਨੇ ਹੰਢਾਇਆ। ਇਸ ਲਾਮਬੰਦੀ ਨੇ ਦੁਨੀਆਂ ਨੂੰ ਸਮਾਰਾਜੀ ਮੁਨਾਫਾਖੋਰੀ ਮਨਸੂਬਿਆਂ ਬਾਰੇ ਸੁਚੇਤ ਕੀਤਾ। ਇਸ ਕੜੀ ਵਿੱਚ 1943 ਨੂੰ ਇਟਲੀ, 1947 ਵਿੱਚ ਵੀਅਤਨਾਮੀ ਔਰਤਾਂ ਨੇ ਅਮਰੀਕਾ ਦੀ ਠੋਸੀ ਹੋਈ ਜੰਗ ਵਿਰੁੱਧ, 1979 ਵਿੱਚ ਖੁਮੈਨੀ ਹਕੂਮਤ ਖਿਲਾਫ਼ ਆਵਾਜ਼ ਬੁਲੰਦ ਕੀਤੀ ।

18 ਮਾਰਚ 1975 ਵਿੱਚ ਸੰਯੁਕਤ ਰਾਸ਼ਟਰ ਵੱਲੋ 8 ਮਾਰਚ ਨੂੰ ਔਰਤ ਦਿਵਸ ਵੱਜੋ ਮਨਾਉਂਣ ਦੇ ਫੈਸਲੇ ਨਾਲ ਭਾਰਤ ਵਿੱਚ ਇੱਕ ਨਵਾਂ ਅਧਿਆਏ ਖੁਲ੍ਹ ਗਿਆ। ਇਹ ਦਿਨ ਸਰਕਾਰੀ, ਅਰਧਸਰਕਾਰੀ, ਸਮਾਜੀ ਸੰਸਥਾਵਾਂ, ਕਾਲਜਾਂ, ਸਕੂਲਾਂ ਇੱਥੋਂ ਤੱਕ ਕਿ ਵੱਡੇ ਵੱਡੇ ਹੋਟਲਾਂ, ਕਾਰੋਬਾਰੀ ਅਦਾਰਿਆਂ ਵੱਲ਼ੋ ਵੀ ਮਨਾਇਆ ਜਾਣ ਲੱਗਿਆ। ਭਾਵੇਂ ਮੰਡੀ ਤੇ ਕਾਰੋਬਾਰੀ ਮੁਨਾਫਾਖੋਰਾਂ ਨੇ ਫੈਸ਼ਨ ਦੀ ਦੁਨੀਆਂ ਦੀ ਚਕਾਂਚੌਧ ਰਾਹੀਂ ਇਸ ਦਿਨ ਨੂੰ ਉਧਾਲਣ ਦਾ ਯਤਨ ਕੀਤਾ ਤੇ ਕਰ ਰਹੀਆਂ ਹਨ ਪਰ ਫੇਰ ਵੀ ਔਰਤ ਆਪਣੇ ਹੱਕਾਂ ਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਾਲੀਆਂ ਜੱਥੇਬੰਦੀਆਂ ਇਹਦੇ ਗੰਭੀਰ ਖਾਸੇ ਨੂੰ ਕਾਇਮ ਰੱਖ ਰਹੀਆਂ ਹਨ। ਇਸ ਦੀ ਤਾਜ਼ਾ ਮਿਸਾਲ ਦਿੱਲੀ ਦੇ ਸ਼ਹੀਨ ਬਾਗ ਵਿਚ ਨਾਗਰਿਕਤਾ ਵਿਰੋਧੀ ਕਾਨੂੰਨਾਂ ਦੀ ਲੰਬੀ ਲੜਾਈ ਅਤੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਂਣ ਵਿੱਚ ਔਰਤਾਂ ਦੀ ਅਦੁੱਤੀ ਭੂਮਿਕਾ ਦੇ ਤੌਰ 'ਤੇ ਸਾਡੇ ਸਾਹਮਣੇ ਹੈ।

ਆਖਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦਹਾਕਿਆਂ ਤੋਂ ਅਸੀਂ ਔਰਤ ਸੰਘਰਸ਼ ਦੀ ਗਾਥਾ ਵਿੱਚ ਅਮਰੀਕਾ, ਰੂਸ ਤੇ ਯੂਰਪ ਦੀ ਬਾਤ ਪਾਉਂਦੇ ਹਾਂ। 2020-21 ਨੇ ਇਸ ਸੰਘਰਸ਼ੀ ਲੜੀ ਵਿੱਚ ਇੱਕ ਨਵਾਂ ਚੈਪਟਰ ਲਿਖ ਦਿੱਤਾ ਹੈ। ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਪੰਜਾਬ, ਹਰਿਆਣਾ, ਯੂਪੀ ਤੋਂ ਉਠੀ ਬਗਾਵਤ ਭਾਰਤ ਦਾ ਸਫਰ ਤੈਅ ਕਰਦੀ ਦੁਨੀਆਂ ਦੇ ਦੇਸ਼ਾਂ ਵਿੱਚ ਸਿਰਫ਼ ਖੇਤੀ ਕਾਨੂੰਨਾਂ ਖਿਲਾਫ਼ ਸੰਘਰਸ਼ ਨਾ ਰਹਿ ਕੇ ਕਾਰਪੋਰੇਟ ਨੀਤੀਆਂ ਤੇ ਲੁੱਟ-ਖਸੁੱਟ ਦੇ ਖਿਲਾਫ਼ ਫੈਸਲਾਕੁਨ ਦੌਰ ਵੱਲ ਅਗੇ ਵਧਿਆ। ਕਾਰਪੋਰੇਟ ਨੀਤੀਆਂ ਖਿਲਾਫ਼ ਲਾਮਬੰਦੀ ਵਧੇਰੇ ਸਪੱਸ਼ਟ ਹੁੰਦੀ ਨਜ਼ਰ ਆਈ। ਇਸ ਸੰਘਰਸ਼ ਵਿੱਚ ਪੰਜਾਬ, ਹਰਿਆਣਾ, ਯੂ.ਪੀ ਤੇ ਦੇਸ਼ ਵਿਦੇਸ਼ ਦੀ ਹਰ ਵਰਗ ਦੀ ਔਰਤ ਨੇ ਵੱਡੇ ਪੱਧਰ 'ਤੇ ਸ਼ਮੂਲੀਅਤ ਦਰਜ ਕਰਵਾਈ। ਔਰਤਾਂ ਦੀ ਇਸ ਸੰਘਰਸ਼ੀ ਗਾਥਾ ਨੂੰ ਅੰਤਰਰਾਸ਼ਟਰੀ ਮਹਿਲਾ ਜੱਥੇਬੰਦੀਆਂ ਦੇ ਗੌਰਵਮਈ ਇਤਿਹਾਸ ਵਿੱਚ ਸਫਾ

ਬਾਕੀ ਸਫਾ 14 'ਤੇ......

ਅੰਤਰਰਾਸ਼ਟਰੀ ਔਰਤ ਦਿਵਸ 8 ਮਾਰਚ 'ਤੇ ਵਿਸ਼ੇਸ਼

# ਔਰਤ ਨਾਲ ਸਮਾਜ ਦਾ ਪੱਖਪਾਤੀ ਵਰਤਾਰਾ

ਕੰਵਲਜੀਤ ਕੌਰ ਗਿੱਲ

ਭਾਰਤ ਦੇ ਸੰਵਿਧਾਨ ਵਿਚ ਲਿਖਿਆ ਹੈ ਕਿ ਮੁਲਕ ਦੇ ਸਾਰੇ ਨਾਗਰਿਕ ਹਰ ਪੱਖ ਤੋਂ ਬਰਾਬਰ ਹਨ। ਕਿਸੇ ਵੀ ਨਾਗਰਿਕ ਨਾਲ ਫਿਰਕੇ, ਜਾਤ, ਧਰਮ, ਰੰਗ, ਨਸਲ ਜਾਂ ਲਿੰਗ ਦੇ ਆਧਾਰ 'ਤੇ ਕਿਸੇ ਪ੍ਰਕਾਰ ਦਾ ਵਿਤਕਰਾ ਜਾਂ ਪੱਖਪਾਤ ਨਹੀਂ ਕੀਤਾ ਜਾ ਸਕਦਾ। ਅੱਜ ਭਾਵੇਂ ਔਰਤ ਆਪਣੀ ਕਾਬਲੀਅਤ ਅਤੇ ਮਿਹਨਤ ਸਦਕਾ ਸਫ਼ਲਤਾ ਦੀਆਂ ਬੁਲੰਦੀਆਂ ਛੂਹ ਰਹੀ ਹੈ, ਉਹ ਹਰ ਉਸ ਕਿੱਤੇ ਤੇ ਖਿੱਤੇ ਵਿਚ ਦਾਖਲ ਹੋ ਰਹੀ ਹੈ ਜਿਹੜੇ 40-50 ਸਾਲ ਪਹਿਲਾਂ ਕੇਵਲ ਮਰਦਾਂ ਲਈ ਰਾਖਵੇਂ ਸਨ ਪਰ ਅਜੇ ਵੀ ਘਰ ਬਾਹਰ ਅਤੇ ਕੰਮ ਕਾਜੀ ਸੰਸਥਾਵਾਂ ਉਪਰ ਉਸ ਨੂੰ ਉਹ ਬਰਾਬਰ ਦਾ ਦਰਜਾ ਪ੍ਰਾਪਤ ਨਹੀਂ ਜਿਹੜਾ ਮਰਦ ਨੂੰ ਹੈ।

ਭਾਰਤ ਦਾ ਸਮਾਜ ਮੁੱਖ ਰੂਪ ਵਿੱਚ ਮਰਦ-ਪ੍ਰਧਾਨ ਹੈ। ਪਿਤਰੀ-ਸੋਚ ਪ੍ਰਧਾਨ ਹੋਣ ਕਾਰਨ ਸਮਾਜ ਵਿਚ ਔਰਤ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਹੈ। ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਪਰਿਵਾਰ ਵਿਚ ਘੱਟੋ ਘੱਟ ਇਕ ਪੁੱਤਰ ਦੀ ਚਾਹਤ ਬਰਕਰਾਰ ਹੈ। ਇਸ ਵਾਸਤੇ ਭਾਵੇਂ ਮਾਦਾ ਭਰੂਣ ਹੱਤਿਆ ਹੀ ਕਿਉ ਨਾ ਕਰਨੀ ਪਵੇ। ਬਾਲ ਲਿੰਗ-ਅਨੁਪਾਤ ਵਿਚ ਲਗਾਤਾਰ ਗਿਰਾਵਟ ਇਸ ਦੀ ਮੂੰਹ-ਬੋਲਦੀ ਤਸਵੀਰ ਹੈ। ਸਿਹਤ ਅਤੇ ਪੌਸ਼ਟਿਕ ਭੋਜਨ ਦੀ ਘਾਟ ਕਾਰਨ 53 ਫੀਸਦ ਔਰਤਾਂ ਖੂਨ ਦੀ ਘਾਟ ਦਾ ਸ਼ਿਕਾਰ ਹਨ। ਇਹ ਹਾਲਤ ਬਦਤਰ ਹੋ ਰਹੀ ਹੈ। ਰੋਜ਼ਗਾਰ ਦੀ ਮੰਡੀ ਵਿਚ ਔਰਤਾਂ ਦੀ ਸ਼ਮੂਲੀਅਤ 25-30 ਫੀਸਦ ਹੈ। ਬਹੁਤੀਆਂ ਔਰਤਾਂ ਸਵੈ-ਰੁਜ਼ਗਾਰ ਵਿਚ ਹਨ ਜਾਂ ਠੇਕਾ ਆਧਾਰ 'ਤੇ ਕੰਮ ਕਰਦੀਆਂ ਹਨ। ਨੈਸ਼ਨਲ ਕੌਂਸਲ ਆਫ ਅਪਲਾਈਡ ਇਕਨਾਮਿਕ ਰਿਸਰਚ -2018 ਅਨੁਸਾਰ ਕੁਲ ਖੇਤੀਬਾੜੀ ਖੇਤਰ ਦੀ ਲੇਬਸ ਫੋਰਸ ਦਾ 42 ਫੀਸਦ ਔਰਤਾਂ ਹਨ। ਖੇਤੀਬਾੜੀ ਖੇਤਰ ਦੀ ਲੇਬਰ ਵਿਚ ਮਰਦ -ਔਰਤ ਦੀ ਦਿਹਾੜੀ ਵਿਚ ਦੋ ਤਿਹਾਈ ਦਾ ਅੰਤਰ ਹੈ।

ਅੱਜ ਭਾਵੇਂ ਵੱਡੀਆਂ ਬਹੁਕੌਮੀ ਕੰਪਨੀਆਂ ਵਿਚ ਵੀ ਔਰਤਾਂ ਕੰਮ ਕਰਦੀਆ ਹਨ ਪਰ ਉੱਚ ਅਹੁਦਿਆਂ ਉੱਪਰ ਨਾਮਾਤਰ ਔਰਤਾਂ ਹੀ ਪਹੁੰਚਦੀਆਂ ਹਨ। ਜਪਾਨ ਵਰਗੇ ਵਿਕਸਿਤ ਮੁਲਕਾਂ ਵਿੱਚ ਵੀ ਕੇਵਲ 2 ਫੀਸਦੀ ਔਰਤਾਂ ਹੀ ਕੰਪਨੀਆਂ ਦੀਆਂ ਉੱਚ ਅਧਿਕਾਰੀ ਹਨ। ਸਿੱਖਿਆ ਦੇ ਖੇਤਰ ਵਿਚ ਲੜਕੀਆਂ ਦੀ ਕਾਰਗੁਜਾਰੀ ਵਿਚ ਗੁਣਾਤਮਕ ਤਬਦੀਲੀ ਆ ਰਹੀ ਹੈ ਪਰ ਬਹੁਤ ਥੋੜ੍ਹੀਆਂ ਹੀ ਉੱਚ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ। ਮਰਦ- ਔਰਤ ਦੀ ਸਿਖਿਆ ਪ੍ਰਾਪਤੀ ਦਰ ਵਿਚਾਲੇ 16.68 ਫੀਸਦੀ ਦਾ ਅੰਤਰ ਦਰਸਾਉਂਦਾ ਹੈ ਕਿ ਅਜੇ ਵੀ ਸਿਖਿਆ ਪ੍ਰਾਪਤੀ ਦੇ ਮੁੱਢਲੇ ਅਧਿਕਾਰਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਰਾਜਨੀਤਕ ਖੇਤਰ ਵਿਚ ਔਰਤਾਂ ਦੀ 33 ਫੀਸਦੀ ਰਿਜਰਵੇਸ਼ਨ ਵੀ ਮਰਦ ਨੂੰ ਮਨਜੂਰ ਨਹੀ। ਇਹ ਰਿਜਰਵੇਸ਼ਨ ਨਗਰ ਨਿਗਮ ਅਤੇ ਪੰਚਾਇਤੀ ਪੱਧਰ ਤੱਕ ਹੀ ਸੀਮਤ ਹੈ।

ਵੋਟ ਪਾਉਣ ਦਾ ਅਧਿਕਾਰ ਸੰਸਾਰ ਪੱਧਰ 'ਤੇ ਔਰਤਾਂ ਨੇ ਲੰਮੀ ਜਦੋਜਹਿਦ ਤੋਂ ਬਾਅਦ ਪ੍ਰਾਪਤ ਕੀਤਾ ਸੀ। 1908-09 ਵਿੱਚ ਨਿਊਯਾਰਕ ਦੀਆਂ ਔਰਤਾਂ ਨੇ ਔਰਤਾਂ ਵਿਰੁੱਧ ਹੋ ਰਹੇ ਜੁਲਮ, ਪੱਖਪਾਤ ਅਤੇ ਵਿਤਕਰੇ ਵਿਰੁੱਧ ਆਵਾਜ਼ ਉਠਾਈ ਅਤੇ ਵੋਟ ਦੇ ਅਧਿਕਾਰ ਦੀ ਮੰਗ ਵੀ ਕੀਤੀ। 1917 ਵਿੱਚ ਰੂਸੀ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ। ਹਿੰਦੁਸਤਾਨ ਵਿੱਚ ਔਰਤ ਵੋਟ ਪਾਉਣ ਦੇ ਅਧਿਕਾਰ ਦੀ ਵਰਤੋ ਆਜ਼ਾਦੀ ਨਾਲ ਨਹੀਂ ਕਰਦੀ। ਘਰ ਨਾਲ ਸੰਬੰਧਿਤ ਅਹਿਮ ਫੈਸਲਿਆਂ ਵਿੱਚ ਔਰਤ ਦੀ ਸ਼ਮੂਲੀਅਤ ਨਾਂਹ ਦੇ ਬਰਾਬਰ ਹੈ। ਅਜ ਵੀ ਮਰਦ ਆਪਣੇ ਆਪ ਨੂੰ ਔਰਤ ਦਾ ਸਾਥੀ ਨਹੀ, ਮਾਲਕ ਸਮਝਦਾ ਹੈ। ਉਂਝ ਮਰਦ ਦੀ ਇਸ ਸੋਚ ਲਈ ਕਾਫੀ ਹੱਦ ਤੱਕ ਔਰਤ ਆਪ ਵੀ ਜ਼ਿੰਮੇਵਾਰ ਹੈ। ਮਰਦ ਨੂੰ ਔਰਤ ਦੇ ਸਿਰ ਦਾ ਸਾਈਂ, ਪਤੀ ਪਰਮੇਸ਼ਵਰ ਅਤੇ ਕਮਾਊ ਸਮਝਿਆ ਜਾਂਦਾ ਹੈ। ਪਤੀ ਆਪਣੀ ਪਤਨੀ ਜਾਂ ਮੁੰਡਾ ਆਪਣੀ ਭੈਣ ਦੀ ਸਲਾਮਤੀ ਵਾਸਤੇ ਵਰਤ ਆਦਿ ਰੱਖਦਾ ਹੋਵੇ, ਇਹ ਸਾਡੇ ਸਮਾਜ ਦੀ ਰੀਤ ਨਹੀ। ਬਚਪਨ ਤੋਂ ਹੀ ਉਸ ਦੀ ਸਿਖਲਾਈ ਇਸ ਪ੍ਰਕਾਰ ਹੁੰਦੀ ਹੈ ਕਿ ਘਰ ਵਿਚ ਪੁੱਤਰ, ਧੀ ਨਾਲੋਂ ਬਿਹਤਰ ਹੈ, ਉਨ੍ਹਾਂ ਦੇ ਕੰਮ ਦੀ ਵੰਡ ਵੀ ਬਚਪਨ ਵਿਚ ਹੀ ਕਰ ਦਿੱਤੀ ਜਾਂਦੀ ਹੈ। ਖਿਡੌਣੇ ਵੀ ਇਸ ਪ੍ਰਕਾਰ ਦੇ ਹੁੰਦੇ ਹਨ ਕਿ ਕੁੜੀ ਨੇ ਵੱਡੀ ਹੋ ਕੇ ਮੁੱਖ ਰੂਪ ਵਿਚ ਬੱਚੇ ਪਾਲਣੇ ਅਤੇ ਰਸੋਈ ਦਾ ਕੰਮਕਾਜ ਸੰਭਾਲਣਾ ਹੈ ਤੇ ਮੁੰਡਾ ਸਕੂਟਰ, ਕਾਰ ਚਲਾ ਕੇ ਬਾਹਰ ਜਾ ਕੇ ਕਮਾਈ ਕਰੇਗਾ। ਘਰ ਦੀ ਧੀ ਵਿਆਹ ਤੋਂ ਬਾਅਦ ਸਹੁਰੇ ਘਰ ਚਲੀ ਜਾਂਦੀ ਹੈ। ਮਾਪੇ ਚਾਹੁਣ ਤਾਂ ਧੀ ਨੂੰ ਤੋਹਫੇ ਦੇ ਰੂਪ ਵਿਚ ਕੱਪੜਾ ਲੀੜਾ, ਮੰਜਾ-ਪੀੜ੍ਹਾ ਜਾ ਕੋਈ ਟੂੰਬ-ਜੇਵਰ ਆਦਿ ਦੇ ਸਕਦੇ ਹਨ। ਪਿੱਤਰੀ ਜਾਇਦਾਦ ਵਿਚੋ ਨਾ ਉਹ ਆਪਣਾ ਹੱਕ ਜਤਾਉਦੀ ਹੈ ਤੇ ਨਾ ਹੀ ਉਸ ਨੂੰ ਕੋਈ ਜ਼ਮੀਨ ਆਦਿ ਵੰਡ ਕੇ ਉਸ ਦਾ ਹਿੱਸਾ ਦਿੱਤਾ ਜਾਂਦਾ ਹੈ। ਵੱਸ ਸਮਾਜਿਕ ਸੰਸਕਾਰਾਂ ਦੀ ਪੰਡ ਚੁੱਕੀ ਉਹ ਰਿਸ਼ਤੇ ਨਿਭਾਉਣ ਖਾਤਰ ਚੁੱਪ ਰਹਿੰਦੀ ਹੈ। ਜਿਵੇਂ ਇਹ ਸੰਸਕਾਰ ਕੇਵਲ ਔਰਤ ਲਈ ਹੀ ਹਨ।

ਇਹ ਸਾਰਾ ਕੁਝ ਆਖਿਰ ਕਦੋਂ ਤੱਕ ਚੱਲਦਾ ਰਹੇਗਾ। ਔਰਤਾਂ ਨੂੰ ਆਉਂਦੀਆਂ ਔਕੜਾਂ ਦੇ ਹੱਲ ਵਾਸਤੇ ਕਾਨੂੰਨੀ ਵਿਵਸਥਾ ਹੈ, ਪਰ ਇਹ ਸਿਰਫ਼ ਕਾਗਜ਼ਾਂ ਵਿੱਚ ਹੀ ਹੈ। ਕੰਮ ਵਾਲੀਆਂ ਥਾਵਾਂ 'ਤੇ ਔਰਤ ਕਰਮਚਾਰੀਆਂ ਨਾਲ ਛੇੜਛਾੜ ਤੰਗ-ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ, ਹਿੰਸਕ ਵਾਰਦਾਤਾਂ ਅਤੇ ਜਿਨਸੀ ਸ਼ੋਸ਼ਣ ਆਦਿ ਸਾਰਾ ਕੁਝ ਸਮਾਜ ਵਿੱਚ ਔਰਤ

ਪ੍ਰਤੀ ਸਮਾਜ ਦੇ ਮਾੜੇ ਰਵੱਈਏ ਅਤੇ ਸੌੜੀ ਸੋਚ ਕਰਨ ਹੀ ਹੈ। ਇਸ ਸੋਚ ਨੂੰ ਬਦਲਣ ਦੀ ਜ਼ਰੂਰਤ ਹੈ। ਸ਼ੁਰੂਆਤ ਔਰਤ ਨੂੰ ਕੇਵਲ ਔਰਤ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਸਮਝਣ ਨਾਲੋਂ ਉਸ ਨੂੰ ਬਰਾਬਰ ਦਾ ਨਾਗਰਿਕ ਅਤੇ ਵਿਅਕਤੀ ਮੰਨਣ ਨਾਲ ਹੋਵੇਗੀ। ਅੱਜ ਜ਼ਰੂਰਤ ਪੱਖਪਾਤੀ ਰਵੱਈਏ ਨੂੰ ਕੇਵਲ ਤੋੜਨ ਦੀ ਹੀ ਨਹੀ, ਇਹ ਵੀ ਦੇਖਣਾ ਹੈ ਕਿ ਇਸ ਨਾਲ ਹੋ ਰਹੇ ਹੋਰ ਖੱਪੇ ਪੂਰੇ ਕਿਵੇਂ ਜਾਣ। ਸਰਕਾਰੀ ਕਾਨੂੰਨ ਜਿੰਨੀ ਦੇਰ ਤੱਕ ਦ੍ਰਿੜਤਾ ਅਤੇ ਸਖ਼ਤੀ ਨਾਲ ਲਾਗੂ ਨਹੀ ਹੁੰਦੇ, ਔਰਤ ਖਿਲਾਫ਼ ਅਪਰਾਧ ਘੱਟ ਨਹੀ ਸਕਦੇ। ਔਰਤ ਨੂੰ ਆਪਣੇ ਅੰਦਰ ਆਤਮਵਿਸ਼ਵਾਸ ਪੈਦਾ ਕਰਨ ਦੀ ਜ਼ਰੂਰਤ ਹੈ। ਸਭ ਤੋਂ ਪਹਿਲਾਂ ਉਹ ਆਪਣੇ-ਆਪ ਨੂੰ ਵਿਚਾਰੀ ਜਾ ਅਬਲਾ ਆਦਿ ਸਮਝਣ ਤੋਂ ਮੁਕਤ ਕਰੇ, ਆਪਣੇ ਫ਼ਰਜ਼ਾਂ ਦੇ ਨਾਲ ਨਾਲ ਆਪਣੇ ਹੱਕਾਂ ਬਾਰੇ ਵੀ ਸੁਚੇਤ ਹੋਵੇ। ਨਾਲ ਹੀ ਯਾਦ ਰਹੇ, ਅਸੀਂ ਆਪਣਾ ਘਰ ਸੰਭਾਲਣਾ ਹੈ। ਇਥੇ ਕੋਈ ਮੁਕਾਬਲਾ ਨਹੀ। ਇਕ ਦੂਜੇ ਦੇ ਸ਼ਰੀਕ ਬਣਨ ਦੀ ਥਾਂ ਪੂਰਕ ਬਣਨ ਦੇ ਯਤਨ ਕਰਨੇ ਹਨ ।

ਪੜ੍ਹੀਆਂ-ਲਿਖੀਆਂ ਸੁਚੇਤ ਔਰਤਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਬਾਕੀ ਔਰਤਾਂ ਨੂੰ ਆਪਣੇ ਮੁਢਲੇ ਹੱਕਾਂ ਪ੍ਰਤੀ ਸੁਚੇਤ ਕਰਨ ਤੋਂ ਇਲਾਵਾ ਸਿੱਖਿਆ, ਸਿਹਤ, ਸਫਾਈ ਆਦਿ ਬਾਰੇ ਜਾਗਰੂਕ ਕਰ ਸਕਦੀਆਂ ਹਨ। ਔਰਤਾਂ ਵਿਚ ਸਮਰੱਥਾ-ਨਿਰਮਾਣ ਦੇ ਨਾਲ ਨਿਸ਼ਚਿਤ ਉਦੇਸ਼ ਦੀ ਪ੍ਰਾਪਤੀ ਹਿੱਤ ਲਾਮਬੰਦ ਹੋਣ ਦੀ ਜ਼ਰੂਰਤ ਹੈ। ਕਿਸਾਨ ਅੰਦੋਲਨ ਦੌਰਾਨ ਔਰਤਾਂ ਦੀ ਸ਼ਮੂਲੀਅਤ ਨੇ ਸਿੱਧ ਕਰ ਦਿਖਾਇਆ ਹੈ ਕਿ ਜਥੇਬੰਦਕ ਢਾਂਚੇ ਅਤੇ ਉਸਾਰੂ ਸੋਚ ਨਾਲ ਡਟ ਕੇ ਮੁਕਾਬਲਾ ਕਰਨ ਨਾਲ ਹੀ ਹੱਕ ਪ੍ਰਾਪਤ ਹੁੰਦੇ ਹਨ।

ਔਰਤ ਦਿਵਸ ਮਨਾਉਣ ਦੇ ਮਕਸਦ ਨੂੰ ਸਾਕਾਰ ਕਰਦੇ ਹੋਏ ਆਓ! ਯਤਨ ਕਰੀਏ ਕਿ ਔਰਤਾਂ ਪ੍ਰਤੀ ਮਾੜੀ ਪਿਤਰੀ-ਸੋਚ ਅਤੇ ਮਰਦ ਪ੍ਰਧਾਨ ਮਾਨਸਿਕਤਾ ਨੂੰ ਬਦਲੀਏ। ਔਰਤਾਂ ਨਾਲ ਹੋ ਰਹੇ ਵਿਤਕਰੇ ਅਤੇ ਪੱਖਪਾਤ ਦੇ ਕਾਰਨਾਂ ਦੀ ਪਛਾਣ ਕਰ ਕੇ ਕੇ ਉਨ੍ਹਾਂ ਦੇ ਹੱਲ਼ ਵਾਸਤੇ ਠੋਸ ਕਦਮ ਚੁੱਕੇ ਜਾਣ। ਮੌਜੂਦਾ ਕਾਨੂੰਨਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ ਤਾਂਕਿ ਔਰਤ ਵੀ ਸਿਹਤਮੰਦ ਜ਼ਿੰਦਗੀ ਜਿਉਣ ਦਾ ਸੁਪਨਾ ਸਾਕਾਰ ਕਰ ਸਕੇ । (ਪੰਜਾਬੀ ਟ੍ਰਿਬਿਊਨ 'ਤੋਂ ਧੰਨਵਾਦ ਸਹਿਤ)

❊ ❊❊❊ ❊

....ਸਫਾ 12 ਦੀ ਬਾਕੀ

ਲਿਖਿਆ ਜਾਣਾ ਚਾਹੀਦਾ ਹੈ। ਇਸ ਦਿਨ ਉੱਤੇ ਯੂਕਰੇਨ - ਰੂਸ ਜੰਗ ਦੇ ਪਿਛੋਕੜ ਦੇ ਬਹੁ-ਪੱਖੀ ਕਾਰਨਾਂ ਨੂੰ ਸਮਝ ਕੇ ਜੰਗ ਵਿਰੋਧੀ ਲਾਮਬੰਦੀ ਕਰਨੀ ਬਣਦੀ ਹੈ ਦੁਨੀਆਂ ਦੇ ਰਾਜਨੀਤਕ ਪੰਡਤਾਂ ਨੂੰ ਮਿਲ ਬੈਠ ਕੇ ਕਿਸੇ ਸਦੀਵੀਂ ਹੱਲ ਵਲ ਵਧਣ ਦੀ ਲੋੜ ਹੈ। ਜਿਸ ਵਿੱਚ ਮੰਡੀ ਦੀ ਲੁੱਟ ਖਸੁਟ ਤੇ ਪਸਾਰਵਾਦ ਜਾਂ ਧੌਂਸ ਦਾ ਪਰਛਾਵਾਂ ਨਾ ਝਲਕਦਾ ਹੋਵੇ। ਦੁਨੀਆਂ ਦੀ ਹਰ ਔਰਤ ਦੇ ਪਰਿਵਾਰ ਨੂੰ ਅਮਨ ਚੈਨ ਨਸੀਬ ਹੋਵੇ।



**ਕਵਿਤਾ**

## ਮੈਂ ਜੱਗ ਦੀ ਜਨਣੀ ਕਹਿਣ ਨੂੰ .....

ਬਲਬੀਰ ਸਿੰਘ ਸੈਣੀ
ਨਵਾਂ ਨੰਗਲ

ਮੈਂ ਜੱਗ ਦੀ ਜਨਣੀ ਹਾਂ ਮਗਰ,
ਮੇਰਾ ਮੁੱਲ ਕੌਡੀਆਂ ਹਾਰ।
ਮੈਨੂੰ ਟਕੇ ਟਕੇ ਵਿੱਚ ਵੇਚਿਆ,
ਵਿੱਚ ਕਾਬਲ ਤੇ ਕੰਧਾਰ।
ਮੈਨੂੰ ਨੰਗਿਆਂ ਕਰ ਕਰ ਰੋਲ਼ਿਆ,
ਪੁੱਤ ਭਾਈਆਂ ਸ਼ਰ੍ਹੇ ਬਾਜ਼ਾਰ।
ਮੇਰੀ ਅਗਨ-ਪ੍ਰੀਖਿਆ ਲੈ ਕੇ ਵੀ,
ਮੇਰਾ ਕੀਤਾ ਨਾ ਇਤਬਾਰ।
ਮੈਨੂੰ ਕਹਿਣ ਕੁਲੱਛਣੀ ਬੇਹਯਾ,
ਮੈਨੂੰ ਆਖਣ ਬਦ-ਕਿਰਦਾਰ।
ਭੁੱਲ ਰਿਸ਼ਤਾ ਮਾਂ, ਧੀ ਭੈਣ ਦਾ,
ਮੈਨੂੰ ਸਮਝਣ ਕੇਵਲ ਨਾਰ।
    ਮੈਂ ਲੋਕੋ ਕਾਹਦੀ ਮਾਂ ਹਾਂ,
    ਮੈਂ ਕਾਹਦੀ ਪਾਲਣਹਾਰ?
    ਮੇਰੀ ਦੁਨੀਆਂ ਨਿੱਤ ਹੀ ਉਜੜਦੀ,
    ਨਿੱਤ ਉੱਜੜੇ ਮੇਰਾ ਸੰਸਾਰ।
ਮੈਂ ਜੱਗ ਦੀ ਜਨਣੀ ਹਾਂ ਮਗਰ,
ਮੇਰਾ ਧੁਰ ਤੋਂ ਮੰਦੜਾ ਹਾਲ।
ਕਦੇ ਤੇਲ ਛਿੜਕ ਕੇ ਫੂਕਣ,
ਕਦੇ ਦੇਣ ਤੰਦੂਰੀਂ ਬਾਲ।
ਮੈਨੂੰ ਮੇਰੇ ਪੁੱਤ ਹੀ ਸਮਝਦੇ,
ਜਿਉਂ ਹੋਵਾਂ ਯਰਗ ਦਾ ਮਾਲ।
ਪਲ ਪਲ਼ ਕੇ ਮੇਰੇ ਦੁੱਧ ਥੀਂ,
ਖੇਡਣ ਮੇਰੀ ਇੱਜਤ ਨਾਲ।
ਮੈਨੂੰ ਚਾੜ੍ਹਨ ਬਲੀ ਦਹੇਜ ਦੀ,
ਮੇਰਾ ਨਿੱਤ ਹੀ ਮਿੱਥਣ ਭਾਅ।
ਮੈਨੂੰ ਜੂਏ ਦੇ ਵਿੱਚ ਹਾਰਦੇ,
ਮੈਨੂੰ ਦਾਅ ਤੇ ਦਿੰਦੇ ਲਾ।
    ਮੈਂ ਲੋਕੋ ਕਾਹਦੀ ਮਾਂ ਹਾਂ,
    ਇਹ ਤਾਂ ਵਿਹਲੀ ਹੈ ਗੱਲ-ਕੱਥ।
    ਮੇਰੇ ਹੇਠਾਂ ਸੂਲਾਂ ਤਿਖੀਆਂ,
    ਮੇਰੇ ਹਰ ਦਮ ਅੱਗ ਵਿੱਚ ਹੱਥ।

❊ ❊❊❊ ❊

## ਮਹਾਨ ਇੰਜਨੀਅਰ ਅਜੀਤ ਰਾਮ ਸੈਣੀ ਦਾ ਵਿਛੋੜਾ

ਸ਼੍ਰੀ ਅਜੀਤ ਰਾਮ ਸੈਣੀ ਦਾ ਜਨਮ ਇੱਕ ਆਮ ਪਰਿਵਾਰ 'ਚ ਪਿੰਡ ਬੇਲਾ 'ਚ 7 ਸਤੰਬਰ 1928 ਨੂੰ ਪਿਤਾ ਰੌਣਕੀ ਰਾਮ ਮਾਤਾ ਕਰਿਸ਼ਨਾ ਦੇਵੀ ਦੇ ਘਰ ਰੋਪੜ ਜ਼ਿਲ੍ਹੇ ਦੇ ਪ੍ਰਸਿੱਧ ਕਸਬੇ ਬੇਲਾ ਵਿਖੇ ਹੋਇਆ । ਆਪ ਆਪਣੇ ਜੀਵਨ ਦੇ 94ਵੇਂ ਸਾਲ 'ਚ 16 ਫਰਵਰੀ 2022 ਨੂੰ ਆਪਣੀ ਧਰਮਪਤਨੀ ਕਮਲਾ ਦੇਵੀ ਅਤੇ ਤਿੰਨ ਪੁਤਰਾਂ ਵੀ.ਪੀ. ਸੈਣੀ, ਚੰਦਰ ਸੇਖਰ ਸੈਣੀ ਤੇ ਮਧੁ ਸੁਦਨ ਸੈਣੀ ਅਤੇ ਦੋ ਧੀਆਂ ਅਨੀਤਾ ਤੇ ਸੁਮਨ ਦੇ ਭਰੇ ਪਰਿਵਾਰਾਂ ਨੂੰ ਪਿੱਛੇ ਛੱਡ ਕੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਇਨ੍ਹਾਂ ਆਪਣੇ ਬੱਚਿਆ ਨੂੰ ਚੰਗੀ ਵਿਦਿਆ ਦੇਣ ਦੇ ਮੌਕੇ ਪ੍ਰਦਾਨ ਕਰਕੇ ਸਮਾਜ ਵਿੱਚ ਆਪਣਾ ਵੱਖਰੀ ਪਹਿਚਾਣ ਦੇ ਯੋਗ ਬਣਾਇਆ ਹੈ। ਵੱਡੇ ਸਪੁੱਤਰ ਵੀ. ਪੀ. ਸੈਣੀ ਸਿੱਖਿਆ ਨੂੰ ਸਮਰਪਿਤ ਵਿਦਿਅਕ ਅਦਾਰਾ ਚਲਾ ਰਹੇ ਹਨ ਅਤੇ ਨੇਤਾ ਜੀ ਦੀ ਵਿਚਾਰਧਾਰਾ ਦੇ ਉਪਾਸਕ ਹਨ। ਦਰਮਿਆਨੇ ਸਪੁੱਤਰ ਚੰਦਰ ਸੇਖਰ ਸੈਣੀ ਨੇ ਇੰਜਨੀਅਰਿੰਗ ਦੀ ਪੜਾਈ ਕਰਕੇ ਬਿਜਲੀ ਬੋਰਡ ਪੰਜਾਬ 'ਚ ਡਿਪਟੀ ਚੀਫ ਇੰਜ. ਤੱਕ ਦਾ ਸਨਮਾਨ ਹਾਸਲ ਕੀਤਾ ਹੈ। ਛੋਟਾ ਬੇਟਾ ਮਧੁ ਸੁਦਨ ਸੈਣੀ  ਦਿਲੀ 'ਚ ਆਪਣਾ ਸਫਲ ਨਿਜੀ ਕਾਰੋਵਾਰੀ ਹਨ। ਵੱਡੀ ਲੜਕੀ ਅਨੀਤਾ ਅਤੇ ਛੋਟੀ ਬੇਟੀ ਸੁਮਨ ਸੈਣੀ ਵੀ ਸਮਾਜ ਵਿੱਚ ਸਨਮਾਨਿਤ ਪਰਿਵਾਰਾਂ ਵੱਲੋਂ ਜਾਣੇ ਜਾਂਦੇ ਹਨ। ਸ਼੍ਰੀ ਅਜੀਤ ਰਾਮ ਸੈਣੀ ਨੇ ਦਸਵੀਂ ਨਾਨਕੇ ਪਰਿਵਾਰ ਧੂਲਕੋਟ 'ਚ ਰਹਿ ਕੇ ਆਰੀਆ ਸਕੂਲ ਅੰਬਾਲਾ ਤੋਂ ਅਤੇ ਜੇ. ਈ ਦਾ ਡਿਪਲੋਮਾ ਲਾਹੌਰ ਤੋਂ ਕੀਤਾ ਅਤੇ ਏ.ਐਮ.ਆਈ.ਈ.ਪ੍ਰਾਈਵੇਟ ਕੀਤੀ। ਇਨ੍ਹਾਂ ਆਪਣੀ ਸਰਕਾਰੀ ਨੌਕਰੀ ਦਾ ਸਫਰ 1948 ਵਿੱਚ ਸਿੰਜਾਈ ਵਿਭਾਗ ਪੰਜਾਬ 'ਚ ਬਤੌਰ ਜੇ. ਈ ਭਰਤੀ ਹੋ ਕੇ ਬਠਿੰਡਾ ਜ਼ਿਲ੍ਹੇ ਦੇ ਗੁਨਿਆਨਾ ਮੰਡੀ ਤੋਂ ਆਰੰਭ ਕੀਤਾ ਅਤੇ 1987 'ਚ ਬਤੌਰ ਐਕਸੀਅਨ ਸੁਨਾਮ ਤੋਂ ਸੇਵਾਮੁਕਤ ਹੋਏ ਸਨ। ਇਹ ਆਪਣੇ ਸੇਵਾਕਾਲ ਦੌਰਾਨ ਫਿਰੋਜ਼ਪੁਰ, ਮੋਗਾ, ਬਠਿੰਡਾ, ਕੈਥਲ, ਸੰਗਰੂਰ, ਲਾਡਾ ਕੋਠੀ, ਹੋਸ਼ਿਆਰਪੁਰ, ਰੋਪੜ ਅਤੇ ਨੰਗਲ ਵਿਖੇ ਵੀ ਤੈਨਾਤ ਰਹੇ। ਸੇਵਾਮੁਕਤ ਹੋਣ ਉਪਰੰਤ ਵੀ ਇਨ੍ਹਾਂ ਨੂੰ ਲੁਧਿਆਣਾ ਸ਼ਹਿਰ 'ਚ ਪੁਲ ਦੀ ਉਸਾਰੀ ਕਰਵਾਉਣ ਤੇ ਵਿਸ਼ੇਸ਼ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਸੀ।

ਸ਼੍ਰੀ ਅਜੀਤ ਰਾਮ ਸੈਣੀ ਇੱਕ ਬਹੁਤ ਹੀ ਦ੍ਰਿੜ ਇਰਾਦੇ ਵਾਲੀ ਸ਼ਖ਼ਸੀਅਤ ਸਨ, ਜੋ ਧਾਰ ਲਿਆ, ਉਸ ਨੂੰ ਪ੍ਰਵਾਨ ਚੜਾਉਸਨ। ਸਧਾਰਨ ਜੀਵਨ ਜਿਉਣ ਵਿੱਚ ਵਿਸ਼ਵਾਸ਼ ਰੱਖਦੇ ਸਨ। ਉਨ੍ਹਾਂ ਜਿੱਥੇ ਆਪਣੇ ਪਰਿਵਾਰ ਨੂੰ ਬੇਹਤਰ ਜੀਵਨ ਪ੍ਰਦਾਨ ਲਈ ਕੋਈ ਕਸਰ ਨਹੀਂ ਛੱਡੀ ਉੱਥੇ ਆਪਣੀ ਜਨਮ ਭੂਮੀ ਪਿੰਡ ਬੇਲਾ 'ਚ ਸਿਹਤ ਸਹੂਲਤਾ ਅਤੇ ਸਿੱਖਿਆ ਦੇਣ ਲਈ ਹਸਪਤਾਲ ਅਤੇ ਇੱਕ ਸਿੱਖਿਆ ਅਦਾਰਾ ਦਾ ਪ੍ਰਬੰਧ ਵੀ ਕੀਤਾ ਹੈ। ਉਹ ਸਮਾਜ ਸੇਵਾ ਲਈ ਵੀ ਹਮੇਸ਼ਾ ਤੱਤਪਰ ਰਹਿੰਦੇ ਸਨ ਅਤੇ ਉਨ੍ਹਾਂ ਸੈਣੀ ਬਰਾਦਰੀ ਦੀ ਪ੍ਰਮੁੱਖ ਸ਼ਖ਼ਸੀਅਤਾਂ ਸਵਰਗੀ ਸ਼ੈਸ਼ਨ ਜੱਜ ਪੀ. ਸੀ. ਸੈਣੀ, ਐਲ. ਆਰ. ਮੁੰਦਰਾ, ਲੰਬੜਦਾਰ ਪ੍ਰੀਤਮ ਸਿੰਘ, ਐਡਵੋਕੇਟ ਹਜ਼ੂਰਾ ਸਿੰਘ, ਸੰਤ ਸਿੰਘ ਆਦਿ ਨਾਲ ਮਿਲਕੇ ਸ਼ਹਿਰ ਰੂਪਨਗਰ 'ਚ ਨਾਮਵਰ ਸਮਾਜ ਸੇਵੀ ਸੰਸਥਾਵਾਂ ਸੈਣੀ ਭਵਨ ਅਤੇ ਬਜ਼ੁਰਗਾਂ ਦੇ ਆਪਣਾ ਘਰ ਹਵਕਲਾਂ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਹ ਸੈਣੀ ਭਵਨ ਦੇ ਆਜੀਵਨ ਮੈਂਬਰ ਸਨ ਅਤੇ ਐਜੂਕੇਸ਼ਨ ਟਰੱਸਟ ਰਾਹੀਂ ਗਰੀਬਾਂ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਵਿਤੀ ਯੋਗਦਾਨ ਪਾਉਂਦੇ ਰਹਿੰਦੇ ਸਨ। ਉਨ੍ਹਾਂ ਦੇ ਲੰਮੇ ਜੀਵਨ ਦਾ ਰਾਜ਼ ਸੀ ਕਿ ਉਹ ਯੋਗ ਦੇ ਪੱਕੇ ਵਿਦਿਆਰਥੀ ਸਨ। ਉਨ੍ਹਾਂ ਲਈ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਅਸੀਂ ਉਨ੍ਹਾ ਦੇ ਜੀਵਨ ਤੋਂ ਪ੍ਰੇਰਣਾ ਲੈਕੇ ਆਪਣੇ ਬੱਚਿਆਂ ਦੇ ਚੰਗੇ ਭੱਵਿਖ ਲਈ ਉਨ੍ਹਾਂ ਨੂੰ ਚੰਗੀ ਸਿੱਖਿਆ ਦੇਕੇ ਚੰਗੇ ਸਮਾਜ ਦਾ ਨਿਰਮਾਣ ਕਰੀਏ।



❋ ❋ ❋ ❋ ❋

### ਸ਼ਰਧਾਂਜਲੀ





ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੂੰ ਇਹ ਜਾਣ ਕੇ ਅਤਿਅੰਤ ਦੁਖ ਹੋਇਆ ਹੈ ਕਿ ਸ. ਕਮਲਦੀਪ ਸਿੰਘ (ਲਾਲੀ) ਅਤੇ ਉਨ੍ਹਾਂ ਦੇ ਪਿਤਾ ਡਾ. ਸੁਖਦੇਵ ਸਿੰਘ ਵਾਸੀ ਬਲਾਚੌਰ ਅਚਾਨਕ ਇਸ ਦੁਨੀਆਂ ਨੂੰ ਵਿਛੋੜਾ ਦੇ ਗਏ ਹਨ। ਡਾ. ਸੁਖਦੇਵ ਸਿੰਘ ਪੰਜਾਬ ਦੇ ਖੇਤੀਬਾੜੀ ਮਹਿਕਮੇ ਵਿੱਚੋਂ ਮੁੱਖ ਖੇਤੀਬਾੜੀ ਅਫਸਰ ਵਜੋਂ ਸੇਵਾਮੁਕਤ ਹੋਏ ਸਨ। ਆਪ ਸ਼ਹਿਰ ਦੀਆਂ ਕਈ ਸਮਾਜਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਸਨ। ਉਹ ਸੈਣੀ ਭਵਨ ਰੂਪਨਗਰ ਦੇ ਪੱਕੇ ਹਿਤੈਸ਼ੀ ਅਤੇ ਸਲਾਹਕਾਰ ਸਨ। ਕਮਲਦੀਪ ਸਿੰਘ ਜੇ.ਕੇ ਸੈਣੀ ਮੈਰਿਜ ਪੈਲੇਸ ਬਲਾਚੌਰ ਦੇ ਪ੍ਰਬੰਧਕ ਸਨ ਜਿਸ ਨੂੰ ਉਹ ਪੂਰੀ ਤਨਦੇਹੀ ਨਾਲ ਚਲਾਉਂਦੇ ਸਨ।ਆਪ ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਸਨ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਕਾਰਜਸ਼ੀਲ ਰਹਿੰਦੇ ਸਨ। ਆਪ ਦੋਵਾਂ ਦੇ ਚਲੇ ਜਾਣ ਨਾਲ ਪਰਿਵਾਰ, ਬਰਾਦਰੀ ਤੇ ਸਮਾਜ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।

# ਅਲੋਪ ਹੋ ਰਿਹਾ ਪੰਛੀ-ਬਟੇਰਾ

ਡਾ. ਮਲਕੀਅਤ ਸਿੰਘ ਸੈਣੀ
ਡੀ.ਐਸ.ਸੀ. ਪਟਿਆਲਾ



ਜਦੋਂ ਕਿਸੇ ਚੌਗਿਰਦੇ ਵਿੱਚ ਬੇਪ੍ਰਵਾਹ ਜ਼ਿੰਦਗੀ ਬਸਰ ਕਰਨ ਦਾ ਕੋਈ ਸਬੱਬ ਬਾਕੀ ਨਾ ਰਹੇ ਤਾਂ ਫਿਰ ਉੱਥੋਂ ਦੀ ਹਰ ਸ਼ੈਅ ਨਾਲੋਂ ਮੁੱਦਤਾਂ ਤੋਂ ਬਰਕਰਾਰ ਮੋਹ ਦੀਆਂ ਤੰਦਾਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫੁਰਸਤ ਦੇ ਚੰਦ ਲਮਹੇ ਗੁਜ਼ਾਰਨ ਲਈ ਇੱਕ ਇੱਕ ਤੀਲਾ ਜੁਟਾ ਕੇ ਗੁੰਦੇ ਹੋਏ ਆਸ਼ੀਆਨੇ ਵੀ ਖੁਰਦਰੇ ਭਾਸਣ ਲਗਦੇ ਹਨ ਤੇ ਖ਼ੂਨ ਪਸੀਨੇ ਦੀ ਮਿਹਨਤ ਨਾਲ ਕਮਾਈ ਹੋਈ ਰੋਟੀ ਨਾਲੋਂ ਤੋੜੀ ਗਰਾਹੀ ਵੀ ਸੰਘਿਓਂ ਥੱਲੇ ਨਹੀਂ ਉਤਰਦੀ। ਏਹੋ ਜਿਹਾ ਨਾਮੁਰਾਦ ਸਮਾਂ ਸਿਰਫ਼ ਇਨਸਾਨੀ ਜ਼ਿੰਦਗੀ ਵਿੱਚ ਹੀ ਨਹੀਂ ਆਉਂਦਾ ਬਲਕਿ ਇਸ ਧਰਤੀ 'ਤੇ ਵਿਚਰਨ ਵਾਲੇ ਹਰ ਜੀਵ ਨੂੰ ਕਦੀ ਨਾ ਕਦੀ ਹੰਢਾਉਣਾ ਪੈਂਦਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਮਨੁੱਖ ਤੋਂ ਬਿਨਾਂ ਸਾਨੂੰ ਬਾਕੀ ਬੇਜ਼ੁਬਾਨ ਜੀਵਾਂ ਦੇ ਦੁੱਖਾਂ ਦਾ ਇਸ ਗਹਿਰਾਈ ਤੱਕ ਅਹਿਸਾਸ ਹੀ ਨਹੀਂ ਹੁੰਦਾ। ਆਓ! ਪੰਜਾਬ ਦੇ ਇੱਕ ਅਜਿਹੇ ਪਰਿੰਦੇ ਦੇ ਰੂ-ਬ-ਰੂ ਹੋਈਏ ਜਿਸ ਨੂੰ ਪਿਛਲੇ ਸਮਿਆਂ ਵਿੱਚ ਅਜਿਹੇ ਹੀ ਨਾਖੁਸ਼ਗਵਾਰ ਮਾਹੌਲ ਵਿੱਚੋਂ ਗੁਜ਼ਰਨ ਕਰ ਕੇ ਆਖਰ ਪੰਜਾਬ ਦੀ ਮਿੱਟੀ ਨਾਲੋਂ ਸਦੀਆਂ ਪੁਰਾਣਾ ਨਾਤਾ ਤੋੜਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਆਪਣੇ ਪੂਰਵਲੇ ਕਰਮਾਂ ਨੂੰ ਕੋਸਦਾ ਤੇ ਆਪਣੇ ਹੀ ਸਦੀਆਂ ਪੁਰਾਣੇ ਘਰ ਵਿੱਚ ਬੇਗਾਨਗੀ ਦਾ ਅਹਿਸਾਸ ਹੰਢਾਉਂਦਾ ਵੱਡਾ ਬਟੇਰਾ ਅੱਜ ਘੁੱਗ ਵਸਦੇ ਪੰਜਾਬ ਦੀਆਂ ਦਹਿਲੀਜ਼ਾਂ 'ਤੇ ਜਾ ਖੜੋਤਾ ਜੇ ।

ਸ਼ਿਕਾਰਗਾਹਾਂ ਵਿਚ ਸਾਡੇ ਸ਼ਿਕਾਰੀਆਂ ਦੇ ਸ਼ੌਕ ਪਾਲਣ ਵਾਲਾ, ਪੇਂਡੂ ਮੇਲਿਆਂ ਵਿੱਚ ਆਪਸ ਵਿਚ ਲੜ ਲੜਕੇ ਸਾਡਾ ਮਨਪ੍ਰਚਾਵਾ ਕਰਨ ਵਾਲਾ, ਜੰਗਲਾਂ ਵਿਚ ਬੰਦੂਕਾਂ ਦੇ ਨਿਸ਼ਾਨੇ ਸਿੰਨਣ ਦੇ ਮੁਕਾਬਲਿਆਂ ਦੌਰਾਨ ਬਲੀ ਦਾ ਬਕਰਾ ਬਣਨ ਵਾਲਾ ਅਤੇ ਖੇਤਾਂ ਦੀਆਂ ਵੱਟਾਂ ਤੇ ਗੱਡੀਆਂ ਵਾਹੀਆਂ 'ਚ ਫਸ ਕੇ ਸਾਡੀ ਰਸੋਈ ਦੇ ਪਤੀਲਿਆਂ ਦਾ ਸ਼ਿੰਗਾਰ ਬਣਨ ਵਾਲਾ ਬਟੇਰਾ ਹੁਣ ਤੱਕ ਸਾਡੇ ਚੌਗਿਰਦੇ ਦਾ ਅਨਿੱਖੜਵਾਂ ਅੰਗ ਬਣ ਕੇ ਜੀਵਿਆ ਹੈ। ਵੈਸੇ ਤਾਂ ਸੂਰਤ-ਸੀਰਤ ਦੇ ਪੱਖੋਂ ਉਹ ਕਿਸੇ ਖਾਸ ਜਾਂ ਉਚੇਚੀ ਜਾਣ ਪਹਿਚਾਣ ਦਾ ਮੁਥਾਜ ਨਹੀਂ ਲੱਗਦਾ ਪਰ ਫਿਰ ਵੀ ਨਵੀਂ ਪੀੜ੍ਹੀ ਦੇ ਪਾਠਕਾਂ ਅਤੇ ਕੁਦਰਤ ਪ੍ਰੇਮੀਆਂ ਨਾਲ ਉਸ ਦੀ ਮੁੱਢਲੀ ਵਾਕਫ਼ੀਅਤ ਕਰਾਉਣੀ ਲਾਜ਼ਮੀ ਜਾਪਦੀ ਹੈ।

ਇਸ ਪੰਛੀ ਨੂੰ ਆਮ ਅੰਗਰੇਜ਼ੀ ਭਾਸ਼ਾ ਵਿੱਚ Common Grey Quial ਕਿਹਾ ਜਾਂਦਾ ਹੈ ਪਰ ਵਿਗਿਆਨੀ ਇਸ ਨੂੰ Coturinx coturinx ਨਾਂ ਨਾਲ ਜਾਣਦੇ ਹਨ। ਇਹ ਪੰਛੀਆਂ ਦੇ Phairaimdae ਪਰਿਵਾਰ ਨਾਲ ਸਬੰਧ ਰਖਦਾ ਹੈ। ਇਸ ਦਾ ਭੂਗੋਲਿਕ ਪਸਾਰਾ ਭਾਰਤ, ਪਾਕਿਸਤਾਨ, ਭੂਟਾਨ ਅਤੇ ਬੰਗਲਾ ਦੇਸ਼ ਵਿੱਚ ਹੈ। ਕੱਦ ਕਾਠ ਵਿੱਚ (20 ਸੈ.ਮੀ.) ਗਿਠ-ਮੁਠੀਆਂ ਜਿਹਾ ਇਹ ਪਰਿੰਦਾ ਕਾਫੀ ਗੁੰਦਵੇਂ ਸਰੀਰ ਅਤੇ ਚੌਕੰਨੀ ਤਬੀਅਤ ਦਾ ਧਾਰਨੀ ਹੈ। ਵੱਖਰੇ ਵੱਖਰੇ ਇਲਾਕਿਆਂ ਵਿੱਚ ਨਰ ਦੇ ਬਦਨ ਦੇ ਰੰਗਾਂ ਦੀ ਤਰਤੀਬ ਵੀ ਥੋੜ੍ਹੀ ਵੱਖਰੀ ਹੁੰਦੀ ਹੈ। ਲੇਕਨ ਕੁਝ ਇਕ ਪਹਿਚਾਣ ਚਿੰਨ੍ਹ ਜਿਵੇਂ ਕਿ ਗਲੇ ਉਪਰ ਪਿਆ ਲੰਗਰ ਨੁਮਾਂ ਕਾਲਾ ਡੱਬ, ਉਸ ਤੋਂ ਹੇਠਾਂ ਇੱਕ ਚਿੱਟੀ ਪੱਟੀ, ਜਿਹੜੀ ਕਿ ਹਲ਼ਕੇ ਗੋਰੂਏ ਤੋਂ ਬਦਾਮੀ ਰੰਗ ਦੀ ਛਾਤੀ ਤੇ ਪੇਟ ਦੇ ਇੱਕ ਕੋਨੇ ਤੋਂ ਕਾਲ਼ੇ ਰੰਗ ਦੀ ਬਰੀਕ ਜਿਹੀ ਫਾਂਟ ਨਾਲ ਅੱਡ ਹੋਈ ਹੁੰਦੀ ਹੈ; ਚਿੱਟੇ ਭਰਵੱਟੇ, ਲਾਖਾ ਸਿਰ ਤੇ ਲਾਖੀ ਪਿੱਠ ਉੱਪਰ ਪਏ ਕੰਡਿਆਂ ਵਰਗੇ ਚਿੱਟੇ ਨਿਸ਼ਾਨ, ਮਧਰੀ ਪੂਛ ਤੇ ਪੀਲੀ ਭਾਹ ਮਾਰਦੀਆਂ ਲੱਤਾਂ ਇਸ ਦੀ ਮੁੱਢਲੀ ਪਹਿਚਾਣ ਕਰਵਾਉਣ ਵਿੱਚ ਆਮ ਹੀ ਸਹਾਈ ਹੋ ਸਕਦੇ ਹਨ। ਮਾਦਾ ਵਿੱਚ ਗਲ਼ੇ ਉੱਪਰ ਪਿਆ ਲੰਗਰਨੁਮਾਂ ਕਾਲ਼ਾ ਡੱਬ ਨਹੀਂ ਹੁੰਦਾ ਤੇ ਨਾਲ ਦੀ ਨਾਲ ਛਾਤੀ ਉੱਪਰ ਵੀ ਚਿੱਟੇ ਦੀ ਥਾਂ ਕਾਲੇ ਨਿਸ਼ਾਨ ਹੁੰਦੇ ਹਨ ।



ਜ਼ਿਆਦਾਤਰ ਤਾਂ ਇਹ ਖਾਮੋਸ਼ ਰਹਿਣ ਵਾਲਾ ਪਰਿੰਦਾ ਹੈ ਪਰ ਪ੍ਰਜਣਨ ਰੁੱਤੇ ਫਿੱਟ-ਫਿੱਟ -ਫਿੱਟ-ਫਿੱਟ-ਫਿੱਟ-ਫਿੱਟ ਜਿਹੀਆਂ ਆਵਾਜ਼ਾਂ ਦਾ ਇੱਕ ਅਟੁੱਟ ਸਿਲਸਿਲਾ ਆਮ ਸੁਣਨ ਨੂੰ ਮਿਲਦਾ ਹੈ। ਆਮ ਕਰਕੇ ਨਰ ਤੇ ਮਾਦਾ ਇੱਕਲੇ ਤੇ ਜਾਂ ਫਿਰ ਜੋੜਿਆਂ ਵਿੱਚ ਵਿਚਰਦੇ ਹਨ। ਬੜਾ ਹੀ ਲੁੱਕ ਛਿਪ ਕੇ ਰਹਿਣ ਵਾਲਾ ਇਹ ਪੰਛੀ, ਜਦੋਂ ਕਿਤੇ ਡਰ ਦਾ ਮਾਰਿਆ ਫੁਰਨ ਕਰਕੇ ਅਚਾਨਕ ਉੱਡਦਾ ਹੈ ਤਾਂ 100 ਕੁ ਗਜ਼ ਦੀ ਵਿੱਥ ਤੇ ਦੁਬਾਰਾ ਝਾੜੀਆਂ ਵਿੱਚ ਛਿੱਪ ਜਾਂਦਾ ਹੈ। ਇਸ ਦੀ ਉਡਾਰੀ ਤੇਜ਼ ਪਰ ਨੀਵੀਂ ਨੀਵੀਂ ਹੁੰਦੀ ਹੈ। ਖੜੀਆਂ ਫਸਲਾਂ, ਝੋਨੇ ਦੇ ਮੁੱਢ, ਘਾਹ ਦੇ ਮੈਦਾਨ ਤੇ ਜਾਂ ਫਿਰ ਛੋਟੀਆਂ ਛੋਟੀਆਂ ਝਾੜੀਆਂ ਅੱਟੀਆਂ ਨੀਮ ਪਹਾੜੀ ਢਲਾਨਾ ਇਸਦੇ ਮਨ ਭਾਉਂਦੇ ਬਸੇਰੇ ਹਨ ।

ਇਸ ਦੀ ਪ੍ਰਜਣਨ ਰੁੱਤ ਮਾਰਚ ਤੋਂ ਜੁਲਾਈ ਤੱਕ 4-5 ਮਹੀਨੇ ਚਲਦੀ ਹੈ। ਇਨ੍ਹਾਂ ਮਹੀਨਿਆਂ ਦੌਰਾਨ ਨਰ ਲਗਾਤਾਰ ਗਾਉਂਦੇ ਹਨ ਤੇ ਇਸ ਤਰਾਂ ਕਰਕੇ ਉਹ ਆਪਣੇ ਇਲਾਕੇ ਦੀ ਨਿਸ਼ਾਨਦੇਹੀ ਕਰਦੇ ਹਨ। ਇੱਕ ਨਰ ਦੇ ਇਲਾਕੇ ਵਿੱਚ ਦੂਸਰਾ ਨਰ ਵੜਨ ਦੀ ਜ਼ੁਅਰਤ ਨਹੀਂ ਕਰਦਾ। ਮਾਦਾ ਉੱਚੇ ਉੱਚੇ ਘਾਹ ਦੀ ਓਟ ਵਿਚ ਪੇਤਲਾ ਜਿਹਾ ਆਲ੍ਹਣਾ ਬਣਾ ਕੇ 3-4 ਆਂਡੇ ਦੇਂਦੀ ਹੈ। ਇਸ ਦੀ ਖੁਰਾਕ ਵਿੱਚ ਛੋਟੇ ਛੋਟੇ ਬੀਜ ਅਤੇ ਕੀੜੇ ਮਕੌੜੇ ਸ਼ਾਮਲ ਹਨ ।



ਇਤਿਹਾਸ ਦੇ ਝਰੋਖੇ 'ਚੋਂ ਪਹਿਲਾ ਪਗੜੀਧਾਰੀ ਸਿੱਖ ਪਾਇਲਟ

# ਹਰਦਿੱਤ ਸਿੰਘ ਮਲਿਕ

ਬਲਬੀਰ ਸਿੰਘ ਸੈਣੀ
ਰੂਪਨਗਰ

ਪਹਿਲੀ ਸੰਸਾਰ ਜੰਗ ਸਮੇਂ 'ਬਿਗਿਨ ਪਹਾੜੀਆਂ ਦਾ ਉਡਣਾ ਸਿੱਖ' ਅਤੇ 'ਫਲਾਇੰਗ ਹੋਬਗੋਬਲਿਨ' ਵਜੋਂ ਪ੍ਰਸਿੱਧ ਹੋਇਆ ਬ੍ਰਿਟਿਸ਼ ਪਾਇਲਟ ਹਰਦਿੱਤ ਸਿੰਘ ਮਲਿਕ ਪਾਕਿਸਤਾਨ ਦੇ ਸ਼ਹਿਰ ਰਾਵਲਪਿੰਡੀ ਵਿੱਚ 23 ਨਵੰਬਰ, 1894 ਨੂੰ ਸਰਦਾਰ ਬਹਾਦਰ ਮੋਹਨ ਸਿੰਘ ਅਤੇ ਮਾਤਾ ਲਾਜਵੰਤੀ ਦੇ ਖੁਸ਼ਹਾਲ ਪਰਿਵਾਰ ਵਿੱਚ ਪੈਦਾ ਹੋਇਆ। ਦੁਨੀਆਂ ਦੀ ਕਿਸੇ ਉਡਣ ਸੰਸਥਾ ਵਿੱਚ ਦਾਖਲ ਹੋਣ ਵਾਲਾ ਉਹ ਪਹਿਲਾ ਭਾਰਤੀ ਤੇ ਸਿੱਖ ਸੀ। ਉਸ ਦੀ ਪਗੜੀ 'ਤੇ ਪਹਿਨਣ ਲਈ ਵਿਸ਼ੇਸ਼ ਪ੍ਰਕਾਰ ਦੀ ਹੈਲਮਿਟ ਤਿਆਰ ਕੀਤੀ ਗਈ ਸੀ। ਮਲਿਕ ਖਿਤਾਬ ਉਸ ਦੇ ਦਾਦਾ ਸ. ਖਜ਼ਾਨ ਸਿੰਘ ਨੂੰ ਮਿਲਿਆ ਸੀ। ਹਰਦਿੱਤ ਦਾ ਪਿਤਾ ਰੇਲਵੇ ਲਾਈਨਾਂ ਵਿਛਾਉਣ, ਪੁਲ ਬਣਾਉਣ ਆਦਿ ਦੇ ਠੇਕੇ ਲਿਆ ਕਰਦਾ ਸੀ। ਇਸ ਕਾਰਨ ਉਹ ਇਲਾਕੇ ਦਾ ਧਨਾਢ ਵਿਅਕਤੀ ਬਣ ਗਿਆ ਸੀ। ਪਿਤਾ ਹਰਦਿੱਤ ਨੂੰ ਲੋੜ ਤੋਂ ਵੀ ਵੱਧ ਪਿਆਰ ਕਰਦਾ ਪਰ ਮਾਂ ਉਸ ਨੂੰ ਆਪਣੇ ਸਿੱਖੀ ਵਿਰਸੇ ਨਾਲ ਜੋੜ ਕੇ ਰੱਖਣ ਲਈ ਅਕਸਰ ਝਿੜਕ ਦਿਆ ਕਰਦੀ। ਮਾਂ ਦੀ ਇਸ ਸਿੱਖਿਆ ਕਰਕੇ ਹੀ ਉਸ ਨੇ ਸਾਰੀ ਉਮਰ ਅਤੇ ਜੰਗੀ ਜਹਾਜ਼ ਚਲਾਉਂਦਿਆਂ ਵੀ ਕੜਾ ਨਹੀਂ ਉਤਾਰਿਆ।

ਉਸ ਨੂੰ ਮੁਢਲੀ ਪੜ੍ਹਾਈ ਲਈ ਪਹਿਲਾਂ ਆਮ ਜਿਹੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਇਆ ਗਿਆ ਪਰ ਜਲਦੀ ਹੀ ਵਧੀਆ ਸਿੱਖਿਆ ਲਈ ਐਂਗਲੋ ਇੰਡੀਅਨ ਸਕੂਲ ਵਿੱਚ ਭੇਜ ਦਿੱਤਾ ਗਿਆ। ਉਸ ਨੂੰ ਅੰਗ੍ਰੇਜ਼ੀ ਅਤੇ ਗਣਿਤ ਪੜ੍ਹਾਉਣ ਲਈ ਘਰ ਵਿੱਚ ਯੋਗ ਅਧਿਆਪਕਾਂ ਦਾ ਪ੍ਰਬੰਧ ਕੀਤਾ ਗਿਆ। ਉਸ ਨੇ ਸਕੂਲ ਵਿੱਚ 'ਸੈਲਫ ਹੈਲਪ' ਨਾਮ ਦੀ ਕਿਤਾਬ ਏਨੀ ਵਾਰ ਪੜ੍ਹੀ ਕਿ ਹੱਥੀਂ ਕੰਮ ਕਰਨ ਦੀ ਆਦਤ ਪੱਕੀ ਹੋ ਗਈ। ਇਸ ਪ੍ਰਕਾਰ ਲਾਡ ਪਿਆਰ ਵਿੱਚ ਪਲਿਆ ਇਹ ਬੱਚਾ ਮਜ਼ਬੂਤ ਇਰਾਦੇ ਵਾਲਾ ਬਣ ਗਿਆ। ਉਸ ਦੀ ਰੁਚੀ ਖੇਡਾਂ ਵਿੱਚ ਹੋਣ 'ਤੇ ਪਿਤਾ ਨੇ ਉਸ ਲਈ ਕ੍ਰਿਕਟ ਤੇ ਟੈਨਿਸ ਦੀ ਕੋਚਿੰਗ ਦਾ ਪ੍ਰਬੰਧ ਕਰ ਦਿੱਤਾ। ਉਹ ਇਲਾਕੇ ਦੇ ਮੁੰਡੇ ਇਕੱਠੇ ਕਰ ਕੇ ਹਾਕੀ, ਕ੍ਰਿਕਟ ਤੇ ਫੁੱਟਬਾਲ ਦੀਆਂ ਟੀਮਾਂ ਦੇ ਮੁਕਾਬਲੇ ਕਰਵਾਉਂਦਾ। ਉਸ ਨੂੰ ਪਤੰਗਬਾਜ਼ੀ ਦਾ ਵੀ ਸ਼ੌਕ ਸੀ। ਬਚਪਨ ਦੀਆਂ ਇਹ ਖੇਡਾਂ ਵਿਸ਼ਵ ਯੁੱਧ ਦੌਰਾਨ ਜਹਾਜ਼ ਦੇ ਜੰਗੀ ਦਾਅ-ਪੇਚਾਂ ਸਮੇਂ ਉਸ ਦੇ ਸਹਾਈ ਹੋਈਆਂ।

ਉਹ ਉੱਚ ਸਿੱਖਿਆ ਲੈਣ ਲਈ ਸੰਨ 1908 ਵਿੱਚ ਇੰਗਲੈਂਡ ਚਲੇ ਗਿਆ ਜਿੱਥੇ ਉਸ ਦਾ ਵੱਡਾ ਭਰਾ ਤੇਜਾ ਸਿੰਘ ਰਹਿੰਦਾ ਸੀ। ਸਕੂਲ ਵਿੱਚ ਮੁੰਡਿਆਂ ਨੇ ਰੈਗਿੰਗ ਕਰਦਿਆਂ ਉਸ ਨੂੰ ਪਗੜੀ ਉਤਾਰਨ ਲਈ ਕਿਹਾ ਤਾਂ ਉਸ ਨੇ ਅਜਿਹਾ ਖਾੜਕੂ ਦਬਕਾ ਮਾਰਿਆ ਕਿ ਸਭ ਡਰਦੇ ਭੱਜ ਗਏ। ਉਸ ਨੇ ਤਿੰਨ ਸਾਲ ਸਕੂਲ ਦੀ ਪੜ੍ਹਾਈ ਕੀਤੀ, ਕ੍ਰਿਕਟ ਖੇਡੀ ਅਤੇ ਪੂਰੀ ਸ਼ਾਨੋਸ਼ੌਕਤ ਨਾਲ ਮੋਟਰਸਾਈਕਲ 'ਤੇ ਗੇੜੀਆਂ ਲਾਈਆਂ। ਸੰਨ 1912 ਵਿੱਚ ਉਸ ਨੇ ਆਕਸਫੋਰਡ ਦੇ ਬਲੀਓਲ ਕਾਲਜ ਵਿੱਚ ਦਾਖਲਾ ਲੈ ਲਿਆ। ਇੱਥੇ ਉਸ ਨੇ ਗੌਲਫ ਤੇ ਕ੍ਰਿਕਟ ਸਮੇਤ ਹੋਰ ਖੇਡਾਂ ਵਿੱਚ ਤਮਗੇ ਹਾਸਲ ਕੀਤੇ। ਇੱਥੇ ਹੀ ਉਸ ਨੇ ਬੀ.ਏ ਵਿੱਚ ਯੂਨਾਨੀ, ਲਾਤੀਨੀ ਭਾਸ਼ਾਵਾਂ ਅਤੇ ਯੌਰਪ ਦਾ ਆਧੁਨਿਕ ਇਤਿਹਾਸ ਪੜ੍ਹਿਆ। ਉਹ ਪੜ੍ਹਾਈ ਤੇ ਖੇਡਾਂ ਦੋਵਾਂ ਵਿੱਚ ਨਿਪੁੰਨ ਸੀ।



1914 ਵਿੱਚ ਪਹਿਲਾ ਵਿਸ਼ਵ ਯੁੱਧ ਛਿੜ ਪਿਆ। ਆਕਸਫੋਰਡ ਦੇ ਹੋਰ ਵਿਦਿਆਰਥੀਆਂ ਵਾਂਗ ਉਸ ਨੇ ਆਪਣੇ ਆਪ ਨੂੰ ਯੁੱਧਕਾਲ਼ੀ ਸੇਵਾਵਾਂ ਲਈ ਪੇਸ਼ ਕੀਤਾ। ਉਸ ਨੂੰ ਐਂਬੂਲੈਂਸ ਦੀ ਸੇਵਾ ਦੇ ਕੇ ਸਾਊਥੈਂਪਟਨ ਜਾਣ ਲਈ ਕਿਹਾ ਗਿਆ। ਫਿਰ ਇੱਕ ਸਾਲ ਲਈ ਉਸ ਨੂੰ ਫਰਾਂਸ ਭੇਜ ਦਿੱਤਾ ਗਿਆ। ਉਸ ਨੇ ਫਰਾਂਸ ਦੀ ਏਅਰਫੋਰਸ ਵਿੱਚ ਫਾਇਟਰ ਪਾਇਲਟ ਬਣਨ ਲਈ ਦਰਖਾਸਤ ਦਿੱਤੀ। ਉਸ ਦੀ ਅਰਜ਼ੀ ਮੰਜ਼ੂਰ ਹੋ ਗਈ। ਜਦੋਂ ਇਸ ਨੌਕਰੀ 'ਤੇ ਜਾਇਨ ਕਰਵਾਉਣ ਲਈ ਫਰਾਂਸ ਸਰਕਾਰ ਨੇ ਇੰਗਲੈਂਡ ਤੋਂ ਇਜ਼ਾਜ਼ਤ ਲਈ ਅਰਜ਼ੀ ਭੇਜੀ ਤਾਂ ਉਸ ਨੇ ਇਹ ਕਹਿ ਕੇ ਮੰਜ਼ੂਰ ਕੀਤੀ ਕਿ ਹਰਦਿੱਤ ਸਿੰਘ ਰਾਇਲ ਏਅਰਫੋਰਸ ਵਿੱਚ ਕੰਮ ਕਰੇਗਾ। ਇਸ ਲਈ ਅਪ੍ਰੈਲ 1917 ਵਿੱਚ ਉਸ ਨੂੰ ਸੈਕਿੰਡ ਲੈਫਟੀਨੈਂਟ ਦੀ ਨੌਕਰੀ ਦੇ ਦਿੱਤੀ ਗਈ। ਉਹ ਪਹਿਲਾ ਭਾਰਤੀ ਅਫਸਰ ਤਾਂ ਨਿਯੁਕਤ ਹੋਇਆ ਹੀ, ਕੇਸਾਂ ਅਤੇ ਦਸਤਾਰਧਾਰੀ ਸਰਦਾਰ ਵਜੋਂ ਵੀ ਪਹਿਲਾ ਪਾਇਲਟ ਸੀ। ਉਸ ਦੀ ਬਹਾਦਰੀ ਅਤੇ ਸ਼ਕਲ ਵੱਖਰੀ ਤਰ੍ਹਾਂ ਦੀ ਹੋਣ ਕਾਰਨ ਉਸ ਨੂੰ 'ਉਡਣਾ ਦਾਨਵ' ਕਿਹਾ ਜਾਣ ਲੱਗਾ। ਕੇਵਲ ਢਾਈ ਘੰਟੇ ਦੀ ਸਿਖਲਾਈ ਬਾਅਦ ਹੀ ਉਸ ਨੂੰ ਇਕੱਲਿਆਂ(ਸੋਲੋ) ਉਡਾਰੀ ਭਰਨ ਦਾ ਹੁਕਮ ਹੋਇਆ ਜੋ ਕਿ ਅਤਿ ਦਾ ਕਠਿਨ ਕੰਮ ਸੀ। ਕੇਵਲ ਇੱਕ ਮਹੀਨੇ ਦੇ ਅਭਿਆਸ ਉਪਰੰਤ ਹੀ ਉਸ ਨੂੰ ਹਵਾਈ ਹਮਲੇ ਕਰਨ ਲਈ ਭੇਜ ਦਿੱਤਾ ਗਿਆ। ਹਰਦਿੱਤ ਸਿੰਘ ਨੇ ਜਰਮਨ ਫੋਕਰੈਂਡ ਜੰਗੀ ਜਹਾਜ਼ ਤਬਾਹ ਕਰ ਦਿੱਤੇ। ਅਕਤੂਬਰ, 1917 ਨੂੰ ਖਰਾਬ ਮੌਸਮ ਕਾਰਨ ਜਰਮਨ ਜਹਾਜ਼ਾਂ ਨੇ ਉਸ ਦੇ ਜਹਾਜ਼ ਨੂੰ ਘੇਰ ਲਿਆ। ਹਰਦਿੱਤ ਨੇ ਇੱਕ ਜਹਾਜ਼ ਫੁੰਡ

ਲਿਆ ਪਰ ਦੁਸ਼ਮਣ ਨੇ ਉਸ ਦੇ ਜਹਾਜ਼ 'ਤੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ। ਜਹਾਜ਼ ਦੇ 450 ਗੋਲੀਆਂ ਅਤੇ ਹਰਦਿੱਤ ਦੀ ਲੱਤ ਵਿੱਚ ਦੋ ਗੋਲੀਆਂ ਲੱਗੀਆਂ। ਜਹਾਜ਼ ਦੀ ਤੇਲ-ਟੈਂਕੀ ਨੂੰ ਅੱਗ ਲਗ ਗਈ। ਉਹ ਲਹੂ-ਲੁਹਾਨ ਹੋ ਕੇ ਧਰਤੀ 'ਤੇ ਆਣ ਡਿੱਗਾ। ਪਰ ਜਲਦੀ ਹੀ ਠੀਕ ਹੋ ਕੇ ਮੁੜ ਅਸਮਾਨ ਵਿੱਚ ਦਹਾੜਨ ਲੱਗਾ। ਆਖਿਰ ਇੰਗਲੈਂਡ ਦੇ ਧੜੇ ਨੇ ਜੰਗ ਜਿੱਤ ਲਿਆ। ਲੜਾਈ ਖਤਮ ਹੋ ਗਈ। ਬ੍ਰਿਟਿਸ਼ ਸਰਕਾਰ ਨੇ ਹਰਦਿੱਤ ਸਿੰਘ ਨੂੰ 'ਗਰੈਂਡ ਆਫੀਸਰ ਆਫ ਦ ਲਿਜ਼ਨ ਆਫ ਆਨਰ' ਜਿਹੇ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਉਸ ਨੇ ਰਾਇਲ ਏਅਰਫੋਰਸ ਅਤੇ ਇੰਡੀਅਨ ਏਅਰ ਫੋਰਸ ਵਿੱਚ ਫਲਾਇੰਗ ਅਫਸਰ ਅਤੇ ਗਰੁੱਪ ਕੈਪਟਨ ਵਜੋਂ ਸੇਵਾ ਨਿਭਾਈ। ਗਿਆਰਾਂ ਸਾਲ ਵਿਦੇਸ਼ ਵਿੱਚ ਬਿਤਾਉਣ ਉਪਰੰਤ ਉਹ ਆਪਣੇ ਸ਼ਹਿਰ ਰਾਵਲਪਿੰਡੀ ਆਇਆ ਜਿੱਥੇ ਉਸ ਨੂੰ ਹੀਰੋ ਦਾ ਸਨਮਾਨ ਮਿਲਿਆ। ਸਹੁਰਿਆਂ ਦੇ ਜ਼ੋਰ ਪਾਉਣ 'ਤੇ ਉਸ ਨੇ ਏਅਰਫੋਰਸ ਦੀ ਨੌਕਰੀ ਛੱਡ ਦਿੱਤੀ ਅਤੇ ਸਿਵਲ ਸਰਵਿਸ ਵਿੱਚ ਆ ਗਿਆ। ਭਾਰਤ ਦੀ ਅਜ਼ਾਦੀ ਉਪਰੰਤ ਉਹ ਕੈਨੇਡਾ ਵਿੱਚ ਪਹਿਲਾ ਸਫ਼ੀਰ ਨਿਯੁਕਤ ਹੋਇਆ। ਇਸ ਤੋਂ ਬਾਅਦ ਉਸ ਨੂੰ ਫਰਾਂਸ ਦੇਸ਼ ਵਿੱਚ ਭਾਰਤ ਦਾ ਰਾਜਦੂਤ ਲਗਾਇਆ ਗਿਆ ਜਿਸ ਦੌਰਾਨ ਉਸ ਨੇ ਆਪਣੀ ਯੋਗਤਾ ਤੇ ਅਸਰ-ਰਸੂਖ ਨਾਲ ਫਰਾਂਸ ਦੀ ਬਸਤੀ ਪਾਂਡੀਚਰੀ ਨੂੰ ਭਾਰਤ ਦੇ ਹਵਾਲੇ ਕਰਵਾਇਆ। ਹਰਦਿੱਤ ਸਿੰਘ ਮਲਿਕ ਨੇ ਰਾਜਨੀਤੀ ਵਿੱਚ ਪੈਰ ਧਰ ਕੇ ਪਟਿਆਲਾ ਸਟੇਟ ਦਾ ਪ੍ਰਧਾਨ ਮੰਤਰੀ ਬਣਨ ਦਾ ਮਾਣ ਵੀ ਖੱਟਿਆ। ਸਾਲ 1956 ਵਿੱਚ ਉਹ ਹਰ ਪ੍ਰਕਾਰ ਦੇ ਰੁਝੇਵੇਂ ਤੋਂ ਮੁਕਤ ਹੋ ਕੇ ਆਪਣੀ ਮਨਪਸੰਦ ਖੇਡ, ਗੌਲਫ਼ ਖੇਡਣ ਲਗ ਪਿਆ। ਦਿੱਲੀ ਵਿੱਚ ਰਹਿੰਦਿਆਂ 31 ਅਕਤੂਬਰ, 1985 ਨੂੰ ਉਹ 91 ਸਾਲ ਦੀ ਉਮਰ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਭਾਰਤ ਸਰਕਾਰ ਨੇ ਹਰਦਿੱਤ ਸਿੰਘ ਵਲੋਂ ਨਿਭਾਈਆਂ ਬਹੁਮੁੱਲੀਆਂ ਸੇਵਾਵਾਂ ਬਦਲੇ ਉਸ ਦੇ ਨਾਮ ਦੀ ਡਾਕ ਟਿਕਟ ਜਾਰੀ ਕੀਤੀ ਅਤੇ ਬ੍ਰਿਟਿਸ਼ ਸਰਕਾਰ ਨੇ ਉਸ ਦਾ ਬੁੱਤ ਸਾਊਥੈਂਪਟਨ ਸ਼ਹਿਰ ਵਿੱਚ ਸਥਾਪਿਤ ਕੀਤਾ ਹੈ। ਹਰਦਿੱਤ ਸਿੰਘ ਮਲਿਕ ਦੀ ਅਦੁੱਤੀ ਸਖਸ਼ੀਅਤ ਅਜੋਕੇ ਨੌਜਵਾਨਾਂ ਲਈ ਪ੍ਰਕਾਸ਼ ਸਤੰਭ

❊ ❊ ❊ ❊ ❊

## ਪ੍ਰਸ਼ਨੋਤਰੀ-6 ਦੇ ਤਿੰਨ ਜੇਤੂ ਪਾਠਕ

1. **ਸ਼੍ਰੀਮਤੀ ਮਨਜੀਤ ਕੌਰ** ਪਤਨੀ ਸ. ਗੁਰਪਾਲ ਸਿੰਘ # 5077 ਗੁਰੂ ਨਗਰ, ਰੂਪਨਗਰ
2. **ਸ਼੍ਰੀਮਤੀ ਗੁਰਵਿੰਦਰ ਕੌਰ** ਪਤਨੀ ਸ. ਅਮਰੀਕ ਸਿੰਘ # ਸਾਹਮਣੇ ਸੈਣੀ ਭਵਨ ਰੂਪਨਗਰ।
3. **ਸ. ਨਿਰਮੋਲਕ ਸਿੰਘ** # ਮਕਾਨ ਨੰ. 1461 ਸੈਕਟਰ 60 (ਫੇਜ਼-3ਬੀ2) ਮੋਹਾਲੀ

## ਲਾਸਾਨੀ ਗਣਿਤਕਾਰ ਬੱਚਾ ਆਰਿਸ਼ ਸੈਣੀ



ਜਲੰਧਰ ਸ਼ਹਿਰ ਦੇ ਏ.ਪੀ ਜੇ ਮਾਡਲ ਸਕੂਲ ਦੀ ਪੰਜਵੀਂ ਜਮਾਤ ਦੇ ਵਿਦਿਆਰਥੀ ਆਰਿਸ਼ ਸੈਣੀ ਨੇ ਗਣਿਤਕਾਰ ਵਜੋਂ ਇਤਿਹਾਸ ਸਿਰਜਿਆ ਹੈ। ਉਸ ਨੇ 26 ਜਨਵਰੀ,2022 ਨੂੰ ਜਲੰਧਰ ਵਿਖੇ ਹੋਏ ਮੁਕਾਬਲੇ ਸਮੇਂ 1-100 ਤੱਕ ਦੇ ਪਹਾੜੇ ਸਭ ਤੋਂ ਘੱਟ ਸਮੇਂ, 8 ਮਿੰਟ ਤੇ 42 ਸਕਿੰਟ ਵਿੱਚ ਜੁਬਾਨੀ ਸੁਣਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਇਸ ਲਈ ਉਸ ਦਾ ਨਾਮ 'ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡ' ਵਿੱਚ ਦਰਜ ਹੋਇਆ ਹੈ। ਉਸ ਦੇ ਪਿਤਾ ਸ਼੍ਰੀ ਆਰ.ਐਸ ਸੈਣੀ ਕਾਰੋਬਾਰੀ ਹਨ ਅਤੇ ਮਾਤਾ ਮੁਸਕਾਨ ਸੈਣੀ ਐਚ.ਡੀ.ਐਫ.ਸੀ ਬੈਂਕ ਵਿੱਚ ਮੈਨੇਜਰ ਸਨ ਪਰ ਉਨ੍ਹਾਂ ਨੇ ਬੱਚਿਆਂ ਦੀ ਪੜ੍ਹਾਈ ਨੂੰ ਮੁੱਖ ਰਖਦਿਆਂ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਆਰਿਸ਼ ਸੈਣੀ ਨੂੰ ਬੈਡਮਿੰਟਨ ਖੇਡਣ ਦਾ ਸ਼ੌਕ ਹੈ ਅਤੇ ਉਹ ਪੁਲਾੜ ਵਿਗਿਆਨੀ ਬਣਨ ਦਾ ਚਾਹਵਾਨ ਹੈ। ਇਸ ਗਣਿਤ ਵਿਗਿਆਨੀ ਬੱਚੇ ਤੋਂ ਪਰਿਵਾਰ, ਬਰਾਦਰੀ ਤੇ ਸਮਾਜ ਨੂੰ ਬਹੁਤ ਉਮੀਦਾਂ ਹਨ। ਪਰਮਾਤਮਾ ਉਸ ਨੂੰ ਬੁਲੰਦੀਆਂ ਬਖਸ਼ੇ।

❊ ❊ ❊ ❊ ❊



## ਗ਼ਜ਼ਲ

ਮਨਜੀਤ ਕੌਰ ਅੰਬਾਲਵੀ

ਜ਼ਿੰਦਗੀ ਦਾ ਰਾਹ ਬੜਾ ਦੁਸ਼ਵਾਰ ਹੈ,
ਪਹੁੰਚਣਾ ਮੰਜ਼ਿਲ ਤਾਂ ਆਖਰਕਾਰ ਹੈ।
ਆਦਮੀ ਤੋਂ ਆਦਮੀ ਬੇਜ਼ਾਰ ਹੈ,
ਵਕਤ ਦੀ ਕੀ ਪੈ ਗਈ ਇਹ ਮਾਰ ਹੈ।
ਕੀ ਕਰੇਂਗਾ ਤੂੰ ਖਲੋ ਕੇ ਰਾਹ ਵਿੱਚ,
ਇਸ ਤਰ੍ਹਾਂ ਰੁਕਣਾ ਤਾਂ ਤੇਰੀ ਹਾਰ ਹੈ।
ਰੰਜਿਸ਼ਾਂ, ਬੇਜ਼ਾਰੀਆਂ ਹਨ ਹਰ ਜਗ੍ਹਾ,
ਕਿਸ ਤਰਫ਼ ਨੂੰ ਜਾ ਰਿਹਾ ਸੰਸਾਰ ਹੈ?
ਹੈ ਬਣਾਇਆ ਆਲ੍ਹਣਾ ਜਿਸ ਸ਼ਾਖ 'ਤੇ,
ਕੱਟ ਰਿਹਾ ਓਸੇ ਨੂੰ ਕਿਉਂ ਗੰਵਾਰ ਹੈ?
ਧੁਖ ਰਹੀ ਹੈ ਅੱਗ ਨਫ਼ਰਤ ਦੀ ਚੁਫ਼ੇਰ,
ਇਹ ਕੋਈ ਇਨਸਾਨ ਦਾ ਕਿਰਦਾਰ ਹੈ?
ਮਿੱਥ ਕੇ ਜੋ ਚੱਲਦੈ ਮੰਤਵ ਕੋਈ,
ਜ਼ਿੰਦਗੀ ਵਿੱਚ ਹੁੰਦਾ ਉਹ ਕਦ ਖ਼ੁਆਰ ਹੈ?
ਸੱਚ ਦੀ 'ਮਨਜੀਤ' ਤੂੰ ਕਾਨੀ ਬਣਾ,
ਸਿਰਜਣਾ ਸੁਹਜਾਂ ਦਾ ਤੂੰ ਸੰਸਾਰ ਹੈ।

❊ ❊ ❊ ❊ ❊



**NEW FIVE YEAR MEMBERS OF "SAINI SANSAR"**

Jagdev Singh
Saini Bhawan, Rupnagar

Continued from page 12 of 42th Issue

959. **S. Arvinder Singh**
# 9, Rajindera Enclave, Kurali
960. **Smt. Jagdish Kaur**
USA
961. **S. Hardev Singh**
# 116, Gillco Valley, Ropar
962. **S. Amarjit Singh**
Vill. Jhallian Khurd, Distt. Ropar
963. **S. Gurbinder Singh Manik**
Vill. Kharal, Distt. Jalandhar
964. **S. Davinder Saini**
# 3264A, New Jawhar Nagar, Amritsar
965. **S. Kulbir Singh**
Royal Hotel, Ropar
966. **S. Jagmohan Singh**
# 169, GZS Nagar, Ropar
967. **S. Gurinder Singh Mangar**
Mumbai
968. **S. Gubinder Singh**
Vill. Sarthali
969. **S. Ashok Kumar Saini**
Chandigarh
970. **Sh. Rajiv Saini**
Sector 61, Chandigarh
971. **S. Sartaj Singh**
Sector 70, Mohali
972. **Sh. Kamalkant Saini**
VPO Mundi Kharar
973. **S. Kewal Saini**
Lakhwindera Enclave, Ropar
974. **Sh. Rajiv Bharti**
Sarpanch Colony, Shampura
975. **S. Rajinder Singh Nanuan**
# 61, Ranjit Avenue, Ropar
976. **S. Amrik Singh Saini**
# 713, GZS Nagar, Ropar
977 **S. Shaminder Singh**
VPO Bhakmajra, Distt. Ropar
978. **Smt. Satinder Kaur MBBS**
# 278, GZS Nagar, Ropar
979. **S. Mohinder Singh**
Vill. Nanakpura, Distt. Ropar

❈ ❈ ❈ ❈ ❈

Persons who gave Financial Assistance to Saini Bhawan during the months Jan. to March, 2022

**A) To Kaka Ram Saini Charitable Trust For Development & welfare Works**

1. S. Narinder Singh, M.D. Rajni Herbals, Malikpur Distt. Rupnagar= Rs. 21000/
2. S. Rajwinder Singh , Global Director Erricson, # Reading (U.K) = Rs. 21000/
3. Sh. Mandeep Manchanda , M.D. Shivalik Enclave, Rupnagar = Rs. 10000/
4. Mrs. Rajinder Kaur w/o S. Sukhvinder Singh, Preet colony, Rupnagar= Rs.10000/
5. Mrs. Balwinder Kaur , President, Innerwheel Club, Rupnagar = Rs. 3100/
6. Disrtict Police Community Resource Centre, (CPRC) Rupnagar= Rs. 2100/
7. Er. Chander Shekhar S/o Late Er. Jit Ram Saini, Rupnagar = Rs. 2000/
8. S. Bahadur Singh, C.P.R.C. District Police, Rupnagar = Rs. 1100/
9. Smt. Simran Kaur w/o Late Davinder Singh # J.S. Nagar,Rupnagar= Rs. 1100/

**B) To Saini Charitable Education Trust for Scholarships to needy Students**

1. S Tarjinder Singh s/o S. Sumitter Singh # V.Khairabad, Rupnagar= Rs. 25000/
2. S. Harbans Singh # Malhotra Colony, Rupnagar, = Rs. 18000/
3. S.Sukhjinder Singh , Director Sahibzada Ajit S. Academy Rupnagar= Rs. 11000/

The Administrators of Saini Bhawan Rupnagar are thankful to these worthy donors.

## ਲਿਆਕਤ ਤੇ ਨਜ਼ਾਕਤ ਦਾ ਸੁਮੇਲ

# ਸਿਵਲ ਅਧਿਕਾਰੀ-ਤੇਜਦੀਪ ਸਿੰਘ ਸੈਣੀ

ਉਹ ਇੱਕੋ ਸਮੇਂ ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਤਿੰਨ ਮਹਿਕਮਿਆਂ ਦਾ ਮੁਖੀ ਹੈ। ਇਸ ਦੇ ਬਾਵਜੂਦ ਦੋਸਤਾਂ-ਮਿੱਤਰਾਂ ਅਤੇ ਆਮ ਲੋਕਾਂ ਨੂੰ ਮਿਲਦਿਆਂ ਕਿਸੇ ਪ੍ਰਕਾਰ ਦੇ ਘਮੰਡ ਅਤੇ ਦਬਦਬੇ ਦੀ ਬੂ ਉਸ ਦੇ ਵਤੀਰੇ ਵਿੱਚੋਂ ਨਹੀਂ ਆਉਂਦੀ। ਉਹ ਸਰਕਾਰੀ ਛੁੱਟੀਆਂ ਦੇ ਦਿਨਾਂ ਨੂੰ ਵੀ ਲੋਕਕਾਰਜਾਂ ਦੇ ਲੇਖੇ ਲਾ ਦਿੰਦਾ ਹੈ। ਉਸ ਦੀ ਛੁੱਟੀ ਦਫ਼ਤਰੀ ਕੰਮ ਦੀ ਸਮਾਪਤੀ ਨਾਲ ਹੀ ਹੁੰਦੀ ਹੈ। ਇਹ ਅਜ਼ੀਮ ਸਖਸ਼ੀਅਤ ਹੈ ਪੀ.ਸੀ.ਐਸ ਅਧਿਕਾਰੀ, ਸ. ਤੇਜਦੀਪ ਸਿੰਘ ਸੈਣੀ।

ਤੇਜਦੀਪ ਸਿੰਘ ਸੈਣੀ ਦਾ ਜਨਮ 28 ਜਨਵਰੀ, 1984 ਨੂੰ ਸ. ਸੁਖਵਿੰਦਰ ਸਿੰਘ ਦੇ ਘਰ ਖਰੜ ਨਜ਼ਦੀਕ ਦੇਸੂ ਮਾਜਰਾ ਪਿੰਡ ਦੇ ਸਧਾਰਨ ਕਿਸਾਨੀ ਪਰਿਵਾਰ ਵਿੱਚ ਹੋਇਆ। ਮਾਤਾ-ਪਿਤਾ ਦੋਵੇਂ ਪੰਜਾਬ ਦੇ ਸਿੱਖਿਆ ਮਹਿਕਮੇ ਵਿੱਚ ਅਧਿਆਪਕ ਸਨ। ਮੁਹਾਲੀ ਸ਼ਹਿਰ ਦਾ ਵਿਸਤਾਰ ਹੋਣ ਨਾਲ ਉਨ੍ਹਾਂ ਦੀ ਖੇਤੀਬਾੜੀ ਵਾਲੀ ਜ਼ਮੀਨ ਰਿਹਾਇਸ਼ੀ ਕਾਲੋਨੀ ਉਸਾਰਨ ਦੇ ਕੰਮ ਆ ਗਈ। ਤੇਜਦੀਪ ਸਿੰਘ ਨੇ ਬਾਹਰਵੀਂ ਜਮਾਤ ਸੀ.ਬੀ.ਐਸ.ਈ ਦੇ ਸਕੂਲ ਤੋਂ ਵਧੀਆ ਅੰਕ ਲੈ ਕੇ ਪਾਸ ਕੀਤੀ ਅਤੇ ਮਕੈਨੀਕਲ ਇੰਜਨੀਅਰਿੰਗ ਵਿੱਚ ਗ੍ਰੈਜੂਏਸ਼ਨ ਬੇਅੰਤ ਸਿੰਘ ਸਰਕਾਰੀ ਇੰਜਨੀਅਰਿੰਗ ਕਾਲਜ ਗੁਰਦਾਸਪੁਰ ਤੋਂ ਕੀਤੀ। ਉਸ ਨੇ ਦੋ ਸਾਲ ਪੂਨਾ ਅਤੇ ਹੈਦਰਾਬਾਦ ਵਿਖੇ ਇੰਨਫੋਸਿਸ ਟੈਕਨਾਲੋਜੀ ਕੰਪਨੀ ਵਿੱਚ ਇੰਜਨੀਅਰ ਦੀ ਪਦਵੀ 'ਤੇ ਕੰਮ ਕੀਤਾ। ਉਹ 2010 ਵਿੱਚ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਿੱਚ ਇੰਸਪੈਕਟਰ ਚੁਣਿਆਂ ਗਿਆ ਜਿਸ ਪੋਸਟ 'ਤੇ 2012 ਤੱਕ ਕੰਮ ਕੀਤਾ। ਉਸ ਨੂੰ ਆਪਣੇ ਗਿਆਨ ਅਤੇ ਮਿਹਨਤ ਦਾ ਅਹਿਸਾਸ ਸੀ ਜਿਸ ਕਰ ਕੇ ਉੱਚੀਆਂ ਉਡਾਨਾਂ ਭਰਨ ਦੇ ਸਮਰੱਥ ਸੀ। ਇਸ ਸਦਕਾ ਉਸ ਨੇ ਸੰਨ 2012 ਵਿੱਚ ਪੀ.ਸੀ.ਐਸ.ਪ੍ਰੀਖਿਆ ਉੱਚੀ ਮੈਰਿਟ ਨਾਲ ਪਾਸ ਕਰ ਲਈ ਅਤੇ ਨਵਾਂਸ਼ਹਿਰ ਜ਼ਿਲ੍ਹੇ ਦੇ ਸਹਾਇਕ ਕਮਿਸ਼ਨਰ(ਜਨਰਲ) ਦੀ ਪਦਵੀ ਗ੍ਰਹਿਣ ਕਰ ਲਈ। ਅਗਲੇ ਸਾਲਾਂ ਵਿੱਚ ਉਹ ਬੁਢਲਾਡਾ ਵਿਖੇ ਉਪ ਮੰਡਲ ਅਫਸਰ, ਮਾਨਸਾ ਜ਼ਿਲ੍ਹੇ ਦਾ ਸਹਾਇਕ ਕਮਿਸ਼ਨਰ, ਰੂਪਨਗਰ ਤੇ ਬਾਬਾ ਬਕਾਲਾ ਵਿਖੇ ਉੱਪ ਮੰਡਲ ਅਫਸਰ ਬਣ ਗਿਆ। ਉਸ ਨੇ ਹਰ ਪੱਦਵੀ 'ਤੇ ਕੰਮ ਕਰਦਿਆਂ ਆਪਣੀ ਯੋਗਤਾ, ਇਮਾਨਦਾਰੀ ਤੇ ਮਿਹਨਤ ਨਾਲ ਲੋਕਾਂ ਅਤੇ ਆਪਣੇ ਉੱਚ-ਅਧਿਕਾਰੀਆਂ ਦਾ ਮਨ ਜਿੱਤ ਲਿਆ। ਇਹ ਹੀ ਕਾਰਨ ਸੀ ਕਿ ਉਸ ਨੂੰ ਸਾਲ 2017 ਵਿੱਚ ਕੇਂਦਰ ਸਰਕਾਰ ਨੇ ਆਪਣੇ ਸਿੱਧੇ ਪ੍ਰਸ਼ਾਸਨ ਅਧੀਨ ਚੰਡੀਗੜ੍ਹ ਯੂ.ਟੀ ਵਿੱਚ ਡੈਪੂਟੇਸ਼ਨ 'ਤੇ ਲੈ ਲਿਆ। ਇੱਥੇ ਆਪ ਨੇ ਡਾਇਰੈਕਟਰ ਇੰਡਸਟਰੀਜ਼, ਜਾਇੰਟ ਕਮਿਸ਼ਨਰ ਮਿਊਂਸੀਪਲ ਕਾਰਪੋਰੇਸ਼ਨ, ਡਾਇਰੈਕਟਰ ਐਨੀਮਲ ਹਸਬੈਂਡਰੀ, ਸਟੇਟ ਟਰਾਂਸਪੋਰਟ ਅਥਾਰਟੀ ਜਿਹੀਆਂ ਅਹਿਮ ਪੋਸਟਾਂ ਦੀ ਜ਼ਿੰਮੇਵਾਰੀ ਨਿਭਾਈ। ਇਸ ਸਮੇਂ ਆਪ ਚੰਡੀਗੜ੍ਹ ਕੇਂਦਰੀ ਦੇ ਐਸ.ਡੀ.ਐਮ, ਡਾਇਰੈਕਟਰ ਸਪੋਰਟਸ, ਐਡੀਸ਼ਨਲ ਡਾਇਰੈਕਟਰ ਫੂਡ ਐਂਡ ਸਪਲਾਈ, ਲੈਂਡ ਐਕੁਆਜ਼ੀਸ਼ਨ ਅਫਸਰ, ਐਡਮਨਿਸਟ੍ਰੇਟਰ ਮਾਰਕੀਟ ਕਮੇਟੀ ਅਤੇ ਐਡਮਨਿਸਟ੍ਰੇਟਰ ਚੰਡੀਗੜ੍ਹ ਸਟੇਟ ਕੋਆਪ੍ਰੇਟਿਵ ਬੈਂਕ ਵਜੋਂ ਸੇਵਾ ਨਿਭਾ ਰਹੇ ਹਨ।



ਆਪ ਦਾ ਪਰਿਵਾਰ ਸਮਾਜ ਵਿੱਚ ਬਹੁਤ ਮਾਣ ਨਾਲ ਜੀਵਨ ਬਤੀਤ ਕਰ ਰਿਹਾ ਹੈ। ਮਾਤਾ-ਪਿਤਾ ਪੰਜਾਬ ਸਰਕਾਰ ਦੇ ਪੈਨਸ਼ਨਰ ਹਨ, ਪੋਸਟਗ੍ਰੈਜੂਏਟ ਪਤਨੀ ਪੰਜਾਬ ਸਰਕਾਰ ਦੀ ਨੌਕਰੀ ਵਿੱਚ ਹੈ, ਭੈਣ ਵਿਦੇਸ਼ ਵਿੱਚ ਵਸਦੀ ਹੈ ਅਤੇ ਬੇਟਾ, ਬੇਟੀ ਅਜੇ ਛੋਟੇ ਹਨ। ਆਪ ਸੈਣੀ ਭਵਨ ਰੂਪਨਗਰ ਦੇ ਹਿਤੈਸ਼ੀ ਅਤੇ ਸਲਾਹਕਾਰ ਹਨ। ਸੈਣੀ ਬਰਾਦਰੀ ਅਤੇ ਸਮਾਜ ਲਈ ਤੇਜਦੀਪ ਸਿੰਘ ਬਹੁਮੁੱਲੇ ਰਤਨ ਹਨ। ਪਰਮਾਤਮਾ ਆਪ ਦੀ ਝੋਲੀ ਖੁਸ਼ੀਆਂ ਨਾਲ ਭਰੀ ਰੱਖੇ।

❋ ❋ ❋ ❋ ❋

## ਮੈਗਜ਼ੀਨ ਦੇ 43ਵੇਂ ਅੰਕ ਵਿਚ ਦਿੱਤੀ ਪ੍ਰਸ਼ਨੋਤਰੀ-6 ਦੇ ਸਹੀ ਉੱਤਰ

| ਪ੍ਰਸ਼ਨ ਨੰ. | ਉਤਰ | ਪ੍ਰਸ਼ਨ ਨੰ. | ਉਤਰ |
|---|---|---|---|
| 1 | (ਸ) | 2. | (ਅ) |
| 3. | (ਸ) | 4. | (ੳ) |
| 5. | (ਅ) | 6. | (ਅ) |
| 7. | (ਸ) | 8. | (ੲ) |
| 9. | (ਸ) | 10. | (ੳ) |
| 11. | (ੲ) | 12. | (ਸ) |
| 13. | (ੲ) | 14. | (ੲ) |
| 15. | (ਸ) | 16. | (ਅ) |
| 17. | (ਅ) | 18. | (ਸ) |
| 19. | (ੳ) | 20. | (ੲ) |

❋ ❋ ❋ ❋ ❋



ਕਹਾਣੀ

## ਇਹ ਮੇਰਾ ਘਰ ਨਹੀਂ

ਮਨਜੀਤ ਸਿੰਘ ਤੰਬੜ
ਪਿੰਡ ਪੰਜੋੜ

ਮੈਂ ਆਪਣੇ ਦਾਦਾ-ਦਾਦੀ ਦਾ ਕੱਚਾ ਘਰ ਦੇਖਿਆ ਹੈ। ਸਾਡਾ ਵੀ ਕੱਚਾ ਹੀ ਘਰ ਹੋਇਆ ਕਰਦਾ ਸੀ ਜਿਹੜਾ ਸਾਡੇ ਮਾਂ-ਬਾਪ ਨੇ ਦਾਦਾ-ਦਾਦੀ ਤੋਂ ਵੱਖ ਹੋਣ ਸਮੇਂ ਬਣਾਇਆ ਸੀ। ਅਸੀਂ ਅੱਠ ਜੀਆਂ ਦਾ ਟੱਬਰ ਸਿਰਫ ਇੱਕ ਮੋਟਰਨੁਮਾਂ ਕਮਰੇ ਵਿੱਚ ਰਿਹਾ ਕਰਦੇ ਸਾਂ। ਬਾਅਦ ਵਿੱਚ ਪਿਤਾ ਜੀ ਨੇ ਦਾਦਾ-ਦਾਦੀ ਦੇ ਪੁਰਾਣੇ ਘਰ ਨੂੰ ਪਸ਼ੂਆਂ ਦਾ ਵਾੜਾ ਬਣਾ ਲਿਆ ਸੀ।

ਸਾਡੇ ਘਰ ਦੇ ਲਗ ਭਗ 30/35 ਫੁੱਟ ਦੇ ਦੋ ਸਰੁੰਗ ਨੁਮਾਂ ਲੰਬੇ ਲੰਬੇ ਕਮਰੇ ਸਨ।ਇਸ ਦੀਆਂ ਕੰਧਾਂ ਮਿੱਟੀ ਦੀਆਂ ਸੁਸਰੀਆਂ ਨਾਲ ਹੀ ਬਣੀਆਂ ਹੋਈਆਂ ਸਨ।ਗਭਲੀ ਕੰਧ ਉੱਤੋਂ ਅਣਘੜਤ ਜਿਹੀਆਂ ਛੇ ਸੱਤ ਕਿੱਕਰ ਦੀਆਂ ਲਟੈਣਾਂ ਨੂੰ ਆਰਪਾਰ ਲੰਘਾਅ ਕੇ ਪਾਸੇ ਵਾਲੀਆਂ ਕੰਧਾਂ ਨਾਲ ਚੰਗੀ ਤਰ੍ਹਾਂ ਨੱਥੀ ਕੀਤੀਆਂ ਹੋਈਆਂ ਸਨ।ਲਟੈਣਾਂ ਉੱਤੇ ਟੇਡੀਆਂ ਮੇਢੀਆਂ ਲੱਕੜਾਂ ਦੀਆਂ ਕੜੀਆਂ ਰੱਖ ਕੇ ਆਮ ਛੱਤਾਂ ਵਾਂਗ ਸਰਵਾੜ(ਸਰਕੜਾ) ਪਾਇਆ ਹੋਇਆ ਸੀ।ਮੇਰੀ ਮਾਂ ਨੂੰ ਘਰ ਦਾ ਲਿਪੱਣ ਪੋਚਣ ਦਾ ਬੜਾ ਸ਼ੌਕ ਸੀ।ਉਹ ਕੱਚੇ ਘਰ ਨੂੰ ਹਮੇਸ਼ਾਂ ਸ਼ੀਸ਼ੇ ਵਾਂਗ ਚਮਕਾ ਕੇ ਰੱਖਦੀ।

ਦਾਦਾ-ਦਾਦੀ ਜੀ ਦੇ ਪੂਰੇ ਹੋਣ ਤੋਂ ਪਹਿਲਾਂ ਇਕ ਪਾਸਾ ਰਿਹਾਇਸ਼ੀ ਸੀ ਤੇ ਦੂਸਰਾ ਪਾਸਾ ਸਰਦੀਆਂ ਵਿੱਚ ਡੰਗਰ ਵੱਛਾ ਬੰਨਣ ਲਈ ਕੰਮ ਆਉਂਦਾ ਸੀ।ਰਿਹਾਇਸ਼ੀ ਪਾਸੇ ਦੇ ਪਿੱਛਲੇ ਛੇ ਕੂ ਫੁੱਟ ਹਿੱਸੇ ਨੂੰ ਇਕ ਪਤਲੀ ਜੇਹੀ ਕੱਚੀ ਕੰਧ ਨਾਲ ਵੱਖ ਕਰਕੇ ਇਸ ਦੇ ਸੱਜੇ ਪਾਸੇ ਸਾਡੀ ਮਾਂ ਨੇ ਮਿੱਟੀ ਦੀ ਕੱਚੀ ਕੋਠੀ ਬਣਾਈ ਹੋਈ ਸੀ। ਇਸ ਵਿੱਚ ਸਾਲ ਭਰ ਦੇ ਖਾਣ ਵਾਲੇ ਦਾਣੇ ਭਰੇ ਹੁੰਦੇ।ਇਸੇ ਖੂੰਜੇ ਹੀ ਸ਼ੱਕਰ ਨਾਲ ਭਰੀ ਲੰਮੀ ਜੇਹੀ ਭੜੋਲੀ ਤੇ ਨਾਲ ਹੀ ਇਕ ਤੰਗ ਜੇਹੇ ਮੂੰਹ ਵਾਲਾ ਵੱਡਾ ਘੜਾ ਤੇ ਖੁੱਲੇ ਮੂੰਹ ਵਾਲੀ ਪੱਕੀ ਮਿੱਟੀ ਦੀ ਬਣੀ ਹੋਈ ਚਾਟੀ।ਦੋਨਾਂ ਵਿੱਚ ਗੁੜ ਹੁੰਦਾ ਸੀ। ਖੱਬੇ ਪਾਸੇ ਇਕ ਲੱਕੜ ਦਾ ਸੰਦੂਕ ਰੱਖਿਆ ਹੋਇਆ ਸੀ, ਜਿਹੜਾ ਸਾਡੀ ਮਾਂ ਨੂੰ ਦਾਦਾ ਦਾਦੀ ਨਾਲੋਂ ਅੱਡ ਹੋਣ ਸਮੇਂ ਸਾਡੀ ਪੜਦਾਦੀ ਚਾਚੀ ਨੇ ਦਿੱਤਾ ਸੀ।ਇਸ ਵਿੱਚ ਦੋ ਕੂ ਜੋੜੇ ਨਵੀਂਆਂ ਰਜਾਈਆਂ, ਦਰੀਆਂ ਅਤੇ ਇੰਨੇ ਕੂ ਹੀ ਚਾਦਰਾਂ,ਖੇਸੀਆਂ ਦੇ ਜੋੜੇ ਰੱਖੇ ਰਹਿੰਦੇ। ਜੋ ਸਿਰਫ ਕਿਸੇ ਰਿਸ਼ਤੇਦਾਰ ਦੇ ਆਉਣ ਤੇ ਹੀ ਕੱਢੇ ਜਾਂਦੇ,ਤੇ ਰਿਸ਼ਤੇਦਾਰ ਦੇ ਜਾਣ ਪਿਛੋਂ ਫਿਰ ਸੰਦੂਕ ਵਿੱਚ ਬੰਦ ਕਰ ਦਿੱਤੇ ਜਾਂਦੇ।ਸਾਡੀ ਮਾਂ ਅਤੇ ਭੈਣਾ ਦਾ ਆਪਣਾ ਆਉਣ ਜਾਣ ਵਾਲਾ ਸਾਰਾ ਕੱਪੜਾ ਲੱਤਾ ਇੱਕ ਪੁਰਾਣੀ ਚਾਦਰ ਵਿੱਚ ਪੰਡ ਬੰਨ ਕੇ ਇਸੇ ਸੰਦੂਕ ਵਿੱਚ ਰੱਖਿਆ ਹੁੰਦਾ ਸੀ।

ਪਿਤਾ ਜੀ ਦੀ ਰਿਸ਼ਤੇਦਾਰਾਂ ਦੇ ਜਾਣ ਵਾਲੀ ਇਕ ਕਮੀਜ਼,ਤੇੜ ਲਈ ਚਾਦਰ ਅਤੇ ਪੱਗ ਇਕ ਟਰੰਕ ਵਿੱਚ ਰੱਖੀ ਹੁੰਦੀ। ਸਾਡੀ ਦੋਨਾਂ ਭਰਾਵਾਂ ਦੀਆਂ ਇਕ ਇਕ ਬੂ-ਸ਼ਰਟ ਤੇ ਨਿੱਕਰਾ ਵੀ ਇਸੇ ਟਰੰਕ ਵਿੱਚ ਕੱਠੀਆਂ ਕਰ ਕੇ ਰੱਖੀਆਂ ਹੁੰਦੀਆਂ ਸਨ।ਜਿੰਨਾਂ ਨੂੰ ਪਾਉਣ ਦਾ ਮੌਕਾ ਸਾਨੂੰ ਭੂਆ ਦੇ ਜਾਣ ਵੇਲੇ ਹੀ ਨਸੀਬ ਹੁੰਦਾ ਸੀ।ਬਾਕੀ ਆਮ ਵਰਤੋਂ ਵਾਲੇ ਕੱਪੜੇ ਚਾਹੇ ਗਰਮੀ ਹੋਵੈ ਜਾਂ ਸਰਦੀ ਵੱਡੇ ਕਮਰੇ ਵਿੱਚ ਇਕ ਖੂੰਜੇ ਬਣੇ ਵਿਣਗੇ ਉੱਤੇ ਹੀ ਲਟਕਦੇ ਰਹਿੰਦੇ।ਖੱਬੀ ਕੰਧ ਵਿੱਚ ਇੱਕ ਲੱਕੜੀ ਦੀ ਕੀਲੀ ਗੱਡੀ ਹੋਈ ਸੀ, ਜਿਸ ਨਾਲ ਮਾਂ ਦੁੱਧ ਨਾਲ ਭਰੀ ਹੋਈ ਬਾਲਟੀ ਟੰਗਿਆ ਕਰਦੀ ਸੀ।ਸਾਰੇ ਟੱਬਰ ਦਾ ਰੈਣ ਬਿਸੇਰਾ ਵੀ ਇਸੇ ਕਮਰੇ ਵਿੱਚ ਹੋਇਆ ਕਰਦਾ ਸੀ।ਵੱਡੇ ਸਾਰੇ ਮੰਜੇ ਤੇ ਅਸੀਂ ਛੋਟੇ ਚਾਰੋਂ ਭੈਣ ਭਰਾ ਸੌਂਦੇ ਸਾਂ।ਮਾਂ ਲਵੇਰੀ ਮੱਝ ਨੂੰ ਵੀ ਇਸੇ ਪਾਸੇ ਹੀ ਲਿਆ ਕੇ ਬੰਨਦੀ ਸੀ।ਵੱਡੀਆਂ ਦੋਨੋ ਭੈਣਾ ਆਪਣਾ ਮੰਜਾ ਮੱਝ ਦੇ ਪਿਛਲ਼ੇ ਪਾਸੇ ਥੋੜੀ ਜੇਹੀ ਬਚੀ ਜਗ੍ਹਾ ਤੇ ਹੀ ਡਾਹ ਲੈਂਦੀਆਂ

ਅੱਜ ਦੇ ਬੱਚਿਆਂ ਵਾਂਗ ਸਾਨੂੰ ਮੱਝ ਦੇ ਪਿਸ਼ਾਬ ਤੇ ਗੋਬਰ ਤੋਂ ਮੁੱਸ਼ਕ ਨਹੀਂ ਸੀ ਆਇਆ ਕਰਦਾ,ਅਸੀਂ ਤਾਂ ਮੱਝ ਦਾ ਛੋਟਾ ਜਿਹਾ ਕੱਟਰੂ ਵੀ ਆਪਣੇ ਮੰਜੇ ਦੇ ਪਾਵੇ ਨਾਲ ਹੀ ਬੰਨ ਲੈਂਦੇ।ਜਿਹੜਾ ਸਾਰੀ ਰਾਤ ਮੰਜੇ ਨਾਲ ਲਟਕਦੀ ਰੱਸ਼ੀ ਜਾਂ ਸਾਡੇ ਕਿਸੇ ਕੱਪੜੇ ਨੂੰ ਮੂੰਹ ਵਿੱਚ ਪਾਈ ਚੱਬਦਾ ਰਹਿੰਦਾ। ਕਈ ਵਾਰੀ ਤਾਂ ਸਾਡੇ ਸੁਤਿਆਂ ਪਿਆ ਤੇ ਮੱਝ ਆਪਣੀ ਪਿਸ਼ਾਬ ਨਾਲ ਭਿੱਜੀ ਪੂਛ ਘੁਮਾ ਕੇ ਸਾਰੇ ਕਮਰੇ ਵਿੱਚ ਛਿੜਕਾਓ ਕਰ ਦਿੰਦੀ।ਉਦੋਂ ਨੀਂਦ ਬਹੁਤ ਆਇਆ ਕਰਦੀ ਸੀ।ਸਾਨੂੰ ਪਤਾ ਵੀ ਨਾ ਲੱਗਦਾ।

ਰੋਟੀ ਪਾਣੀ ਬਣਾਉਣ ਲਈ ਇਸੇ ਕਮਰੇ ਦੇ ਅੱਗੇ ਇਕ ਛੱਪਰੇ ਵਰਗੀ ਰਸੋਈ ਬਣਾਈ ਹੋਈ ਸੀ।ਜਿਸ ਵਿੱਚ ਇਕ ਚੁੱਲਾ ,ਚਾਟੀ ਮਧਾਣੀ, ਪਾਣੀ ਵਾਲੇ ਘੜੇ ਦੇ ਨਾਲ ਦੋ ਚਾਰ ਹੋਰ ਰਸੋਈ ਦੇ ਵਰਤਨ ਪਏ ਰਹਿੰਦੇ।ਇਸ ਦੀ ਛੱਤ ਐਨੀ ਕਮਜੋਰ ਹੁੰਦੀ ਸੀ,ਮੀਂਹ ਹਾਲੇ ਪੈਣ ਹੀ ਲਗਦਾ, ਇਹ ਤਿਪਕਣ ਲਗ ਪੈਂਦੀ।ਇਸ ਤੋਂ ਇਲਾਵਾ ਮਾਂ ਨੇ ਬਾਹਰ ਵੀ ਲਿਪ ਸੁਆਰ ਕੇ ਇਕ ਛੋਟਾ ਜਿਹਾ ਚੌਂਕਾ ਬਣਾਇਆ ਹੋਇਆ ਸੀ।ਇਸ ਵਿੱਚ ਤਵੀ ਨਾਲ ਰੋਟੀਆਂ ਬਣਾਉਣ ਵਾਲੀ ਭੱਠੀ ਹੁੰਦੀ।ਜੇ ਜਲਦੀ ਨਾਲ ਰੋਟੀ ਪਕਾਉਣ ਦਾ ਕੰਮ ਨਿਵੇੜਨਾਂ ਹੋਵੇ ਤਾਂ ਇਸ ਭੱਠੀ ਤੇ ਤਵੀ ਰੱਖ ਕੇ ਮਾਂ ਤੇ ਦੋਨੋ ਭੈਣਾਂ ਤਿੰਨੇ ਲਗ ਜਾਂਦੀਆਂ।ਇਕ ਜਣੀ ਫਟਾ ਫਟ ਤਿੰਨ ਚਾਰ ਰੋਟੀਆਂ ਵੇਲ ਵੇਲ ਤਵੀ ਤੇ ਸੁੱਟਦੀ ਰਹਿੰਦੀ।ਦੂਜੀ ਥੱਲੀ ਜਾਂਦੀ ਅਤੇ ਤੀਸਰੀ ਅੱਗ ਬਾਲਣ ਦੇ ਨਾਲ ਨਾਲ ਰੋਟੀਆਂ ਪਕਾ ਪਕਾ ਕੇ ਛਾਬੇ ਵਿੱਚ ਪਏ ਖੱਦਰ ਦੇ ਪੋਣੇ ਵਿੱਚ ਲਿਪੇਟਦੀ ਰਹਿੰਦੀ।

ਇਸੇ ਚੌਂਕੇ ਦੇ ਲਾਗੇ ਮਾਂ ਨੇ ਇੱਕ ਹੋਰ ਭੜੋਲੀ ਬਣਾਈ ਹੋਈ ਸੀ,ਜਿਸ ਵਿੱਚ ਮਾਂ ਪਹਿਲਾਂ ਗੋਹੇ ਦੀਆਂ ਪਾਥੀਆਂ ਦੀ ਰੇਣ ਲਾ ਕੇ ਅੱਗ ਧੁਖਾ ਦਿੰਦੀ, ਜਦੋ ਸਾਰੀਆਂ ਪਾਥੀਆਂ ਥੋੜੀ ਥੌੜੀ ਅੱਗ ਫੜ ਲੈਂਦੀਆਂ ਤਾਂ ਮਾਂ ਕਾੜਨੀ ਵਿੱਚ ਦੁੱਧ ਪਾ ਕੇ

ਇਸ ਵਿੱਚ ਕੜਨ ਲਈ ਰੱਖ ਦਿੰਦੀ। ਸਾਰਾ ਦਿਨ ਇਹ ਦੁੱਧ ਕੜਦਾ ਰਹਿੰਦਾ। ਦੁੱਧ ਉੱਤੇ ਮੋਟੀ ਮਲਾਈ ਦੀ ਇਕ ਪੇਪੜੀ ਜੇਹੀ ਆ ਜਾਂਦੀ। ਕਈ ਵਾਰੀ ਸਕੂਲ ਤੋਂ ਆ ਕੇ ਅਸੀਂ,ਜਦੋਂ ਮਾਂ ਘਰ ਨਾ ਹੁੰਦੀ ਚੋਰੀ ਚੋਰੀ ਕਿੰਨੀ ਵੜੀ ਮਲਾਈ ਕੱਢ ਕੇ ਖਾ ਜਾਂਦੇ ਇਹ ਬੜੀ ਸੁਆਦ ਲਗਦੀ ਸੀ। ਪਰ ਮਾਂ ਸਾਨੂੰ ਕੁੱਝ ਨਾ ਆਖਦੀ। ਰਾਤ ਨੂੰ ਸੌਣ ਵੇਲੇ ਮਾਂ ਸਾਰੇ ਕਾੜ੍ਹੇ ਹੋਏ ਦੁੱਧ ਨੂੰ ਚਾਟੀ ਵਿੱਚ ਉਲੱਦ ਕੇ ਥੋੜੀ ਜੇਹੀ ਖੱਟੀ ਲੱਸੀ ਦਾ ਜਾਗ ਲਗਾ ਦਿੰਦੀ, ਚਾਟੀ ਦਾ ਮੂੰਹ ਕਿਸੇ ਕੱਪੜੇ ਨਾਲ ਬੰਨ ਕੇ ਰਿੜਕਣ ਵਾਲੀ ਲੱਕੜ ਦੀ ਬਣੀ ਘੜਾਉਂਜੀ ਉੱਤੇ ਰੱਖ ਦਿੰਦੀ। ਸਰਦੀਆਂ ਵਿੱਚ ਤਾਂ ਚਾਟੀ ਨੂੰ ਚੰਗੀ ਤਰਾਂ ਕਿਸੇ ਮੋਟੀ ਖੇਸੀ ਜਾਂ ਕੰਬਲ ਨਾਲ ਲਪੇਟਣਾ ਵੀ ਪੈਂਦਾ।

ਦੂਸਰੇ ਪਾਸੇ ਵਾਲਾ ਕਮਰਾ ਡੰਗਰਾਂ ਲਈ ਰਾਖਵਾਂ ਸੀ। ਜਿਸ ਦੀ ਲੰਬਾਈ ਵਾਲੀ ਕੰਧ ਨਾਲ ਛੋਟੇ ਕਟੜੂ ਤੋਂ ਲੈ ਕੇ ਮੱਝਾਂ ਬਲਦਾਂ ਲਈ ਧੁਰ ਧਰਾਰੂ ਖੁਰਲੀ ਬਣਾਈ ਹੋਈ ਸੀ। ਸਰਦੀਆਂ ਦੀਆਂ ਠਾਰਵੀਆਂ ਰਾਤਾਂ ਨੂੰ ਤਾਂ ਸਾਰਾ ਪਸ਼ੂਆਂ ਦਾ ਚੌਣਾ ਇੱਥੇ ਹੀ ਬੱਝਦਾ। ਸਾਡਾ ਅੜਬ ਜਿਹਾ ਝੋਟਾ ਇਸ ਖੋਰਲੀ ਦੇ ਇਕ ਪਾਸੇ ਦੀ ਓਟ ਦੀ ਆਪਣੇ ਸਿੰਗਾਂ ਨਾਲ ਹਮੇਸ਼ਾ ਇੱਟ ਨਾਲ ਇੱਟ ਖੜਕਾਈ ਰੱਖਦਾ। ਕਮਰੇ ਦੇ ਅੱਗੇ ਪਾਸੇ ਪੁਰਾਣੀ ਜੇਹੀ ਪਸ਼ੂਆਂ ਦਾ ਚਾਰਾ ਕੁਤਰਨ ਵਾਲੀ ਮਸ਼ੀਨ ਦੀਆਂ ਪਿਛਲੀਆਂ ਲੱਤਾਂ ਨੂੰ ਮਜਬੂਤ ਰੱਸੀ ਦਾ ਮਰੋੜਾ ਦੇਕੇ ਕਿਸੇ ਖੂੰਖਾਰ ਕੈਦੀ ਵਾਂਗ ਨੂੜਿਆ ਹੁੰਦਾ। ਮਸ਼ੀਨ ਵਿਚਾਰੀ ਨੇ ਦੌੜਨਾ ਕਿੱਥੇ ਸੀ। ਚਾਰ ਲੱਤਾਂ ਵਿੱਚੋਂ ਦੋ ਲੱਤਾਂ ਦੇ ਤਾਂ ਪੈਰ ਹੀ ਨਹੀਂ ਸਨ।

ਅੱਜ ਇੱਟਾਂ ਸੀਮਿੰਟ ਸਰੀਏ ਨਾਲ ਬਣੀ ਆਲੀਸ਼ਾਨ ਕੋਠੀ ਵਿੱਚ ਬੈਠਾ ਹਾਂ। ਛੇ ਕਮਰਿਆਂ ਦੀ ਕੋਠੀ ਵਿੱਚੋਂ ਪੋਤਾ-ਪੋਤੀ ਦੇ ਅਲੱਗ-ਅਲੱਗ ਦੋ ਕਮਰੇ ਹਨ। ਜਿਨ੍ਹਾਂ ਵਿੱਚੋਂ ਉਹ ਸਵੇਰੇ ਦਸ ਵਜੇ ਨਿਕਲਦੇ ਦਿਸਦੇ ਹਨ। ਸ਼ਾਮ ਨੂੰ ਕਦੋਂ ਵਾਪਿਸ ਮੁੜਦੇ ਹਨ ਕੋਈ ਪਤਾ ਨਹੀਂ। ਪੁੱਤ ਨੂੰਹ ਦਾ ਅਲੱਗ ਕਮਰਾ ਹੈ। ਕੋਈ ਕਿਸੇ ਨੂੰ ਨਹੀਂ ਮਿਲਦਾ। ਬਾਹਰ ਵਾਲਾ ਗੇਟ ਹਰ ਸਮੇਂ ਬੰਦ ਹੀ ਰਹਿੰਦਾ ਹੈ। ਪੁੱਤ, ਕੰਮ ਤੇ ਜਾਣ ਤੋਂ ਪਹਿਲਾਂ ਚੌਵੀ ਘੰਟਿਆਂ ਵਿੱਚ ਇੱਕ ਵਾਰੀ ਮਿਲ ਜਾਂਦਾ ਹੈ। ਪਿਛਲਾ ਕਮਰਾ ਮੇਰਾ ਹੈ। ਜਿੱਥੇ ਦਿਵਾਰ ਨਾਲ ਲਟਕੀ ਘੜੀ ਦੀਆਂ ਸੂਈਆਂ ਦੀ ਟਿਕ-ਟਿਕ ਤੋਂ ਇਲਾਵਾ ਕੁੱਝ ਨਹੀਂ ਸੁਣਦਾ। ਮਨ ਉਦਾਸ ਹੈ। ਮਨ ਨੂੰ ਸਕੂਨ ਨਹੀਂ ਹੈ। ਬੈਠਾ-ਬੈਠਾ ਕਿੰਨਾ ਪਿੱਛੇ ਚਲਾ ਗਿਆਂ ਹਾਂ। ਲਗਦਾ ਹੈ ਇਹ ਮੇਰਾ ਘਰ ਨਹੀਂ ਹੈ। ਕਿਸੇ ਹੋਰ ਦਾ ਘਰ ਹੈ। ਕਿਸੇ ਹੋਰ ਦੇ ਘਰ ਵਿੱਚ ਆ ਗਿਆ ਹਾਂ। ਇੱਥੇ ਤਾਂ ਮੈਨੂੰ ਕੋਈ ਜਾਣਦਾ ਹੀ ਨਹੀਂ। ਘਰ ਦੇ ਬਾਹਰ ਆਉਂਦਾ ਹਾਂ। ਗਲ ਕਰਨ ਲਈ, ਕੋਈ ਨਹੀਂ ਰੁੱਕਦਾ। ਅੰਦਰ ਤੇ ਬਾਹਰ ਦਾ ਕੋਈ ਫਰਕ ਨਹੀਂ। ਘਰ ਦੇ ਬਾਹਰ ਵੀ ਤਾਂ ਪੱਥਰ ਦੇ ਬਣੇ ਘਰਾਂ ਵਿੱਚ ਪੱਥਰ ਦਿਲਾਂ ਵਾਲੇ ਲੋਕ ਰਹਿੰਦੇ ਹਨ। ਦਿਲ ਕਰਦਾ ਹੈ ਇਸ ਕੋਠੀ ਨੂੰ ਢਾਅ ਕੇ ਫਿਰ ਓਹੀ ਕੱਚਾ ਘਰ ਬਣਾਵਾਂ। ਜਿਸ ਦੀ ਚਾਰ ਦਿਵਾਰੀ ਮਿੱਟੀ ਦੇ ਇਕ ਓਟੇ ਦੀ ਹੋਵੇ। ਗੇਟ ਲੋਹੇ ਦੀ ਥਾਂ ਬਾਂਸ ਦੀਆਂ ਫੱਟੀਆਂ ਦਾ ਬਣਿਆ ਹੋਵੇ। ਖੁੱਲੇ ਅਸਮਾਨ ਵਾਲੇ ਵਿਹੜੇ ਵਿੱਚ ਖੜ ਕੇ ਸਾਰੀ ਕਾਇਨਾਤ ਨੂੰ ਦੇਖਾਂ,ਪਿਆਰ ਕਰਾਂ। ਪਿਆਰ ਵਿੱਚ ਪਹਿਲਾਂ ਵਰਗੀ ਸੁਗੰਧੀ ਹੋਵੇ। ਮੇਰਾ ਘਰ ਤਾਂ ਓਹੀ ਸੀ। ਜਿੱਥੇ ਹਰ ਪੱਲ ਪਿਆਰ,ਸਨੇਹ,ਅਪਣਤ ਵੰਡੀ ਨਹੀਂ ਸੀ ਮੁੱਕਦੀ। ਤਾਏ,ਚਾਚਿਆ ਦੀਆ ਦੂਰੋਂ ਆਉਂਦੀਆਂ ਉੱਚੀਆ ਟਾਰ੍ਹਾਂ ਵਗਦੀ ਵਾ ਨੂੰ ਆਪਣੇ ਹੋਣ ਦਾ ਅਹਿਸਾਸ ਕਰਾਉਂਦੀਆਂ ਸਨ।

ਮਨਜੀਤ ਸਿੰਘ ਤੰਬੜ (ਪੰਜੋੜ)
9876036975

* * * * *



## ਗ਼ਜ਼ਲ

ਜਤਿੰਦਰ ਲਸਾੜਾ

ਕਿਸੇ ਦੇ ਵਾਸਤੇ ਹਰਦਮ, ਖਿੜੇ ਗੁਲਜ਼ਾਰ ਨਹੀਂ ਹੁੰਦੇ।
ਇਹ ਰਸਤੇ ਜ਼ਿੰਦਗੀ ਦੇ ਨੇ, ਸਦਾ ਇਕਸਾਰ ਨਹੀਂ ਹੁੰਦੇ।

ਜੋ ਰਿਸ਼ਤੇ ਨੇ ਬਨਾਵਟ ਦੇ, ਉਹ ਅਕਸਰ ਬੋਝ ਬਣ ਜਾਵਣ।
ਜੋ ਰਿਸ਼ਤੇ ਪਾਕਿ ਹੁੰਦੇ ਨੇ, ਕਦੇ ਵੀ ਭਾਰ ਨਹੀਂ ਹੁੰਦੇ।

ਨਾ ਹਾਨੀ-ਲਾਭ ਦੀ ਚਿੰਤਾ, ਤੇ ਨਾ ਹੀ ਭੁੱਖ ਸਰੀਰਾਂ ਦੀ।
ਜੋ ਸ਼ਰਤਾਂ 'ਚ ਬੱਝ ਜਾਵਣ, ਕਦੇ ਵੀ ਪਿਆਰ ਨਹੀਂ ਹੁੰਦੇ।

ਸਮੇਂ ਦੀ ਖੇਡ ਹੈ ਸਾਰੀ, ਸਮੇਂ ਨੇ ਖਾ ਲਿਆ ਬਚਪਨ।
ਕਿ ਹੁਣ ਕਾਗਜ਼ ਦੀ ਕਿਸ਼ਤੀ 'ਤੇ, ਸਮੁੰਦਰ ਪਾਰ ਨਹੀਂ ਹੁੰਦੇ।

ਗਿਆਰਾਂ ਜੋੜ ਹੋ ਜਾਵੇ, ਕਦੇ ਜੋੜਨ 'ਤੇ ਇੱਕ 'ਤੇ ਇੱਕ।
ਹਮੇਸ਼ਾਂ ਜ਼ਿੰਦਗੀ ਵਿੱਚ, ਦੋ ਅਤੇ ਦੋ, ਚਾਰ ਨਹੀਂ ਹੁੰਦੇ।

* * * * *



ਸਾਹਿਤਕਾਰ ਤੇ ਪੱਤਰਕਾਰ ਅਵਤਾਰ ਸਿੰਘ ਮਹਿਤਪੁਰੀ ਨੂੰ ਐਲ.ਆਈ.ਸੀ ਆਫ਼ ਇੰਡੀਆ ਨੇ ਚੰਡੀਗੜ੍ਹ ਵਿਖੇ ਕਰਵਾਏ ਸਮਾਗਮ ਦੌਰਾਨ ਸਨਮਾਨਿਤ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਅਧੂਰਾ ਸਫ਼ਰ' ਨੂੰ ਲੋਕਅਰਪਣ ਕੀਤਾ ਹੈ। ਸੈਣੀ ਭਵਨ ਚੰਡੀਗੜ੍ਹ ਨਾਲ ਜੁੜੇ ਇਸ ਲੇਖਕ ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ।

ਵਾਤਾਵਰਨ

# ਰੁੱਖ ਤਾਂ ਮੇਰੀ ਮਾਂ ਵਰਗੇ ਨੇ........



ਡਾ. ਗੁਰਬਿੰਦਰ ਸਿੰਘ ਮਾਣਕ
ਪਿੰਡ ਖਰਲ ਕਲਾਂ (ਜਲੰਧਰ)

ਧਰਤੀ ਨੂੰ ਰਹਿਣਯੋਗ ਬਣਾਈ ਰੱਖਣ ਲਈ ਅਤੇ ਵਾਤਾਵਰਨ ਦੇ ਕੁਦਰਤੀ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਰੁੱਖਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਸਲ ਅਰਥਾਂ ਵਿਚ ਰੁੱਖ ਤਾ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਜਿਵੇਂ ਕੋਈ ਰੂਪ ਵਤੀ ਮੁਟਿਆਰ ਗਹਿਣਿਆਂ ਸਮੇਤ ਕਈ ਤਰ੍ਹਾਂ ਦੇ ਸ਼ਿੰਗਾਰ ਕਰਕੇ ਆਪਣੇ ਹੁਸਨ ਦਾ ਜਲਬਾ ਬਿਖੇਰਦੀ ਹੈ, ਉਸੇ ਤਰ੍ਹਾਂ ਹੀ ਧਰਤੀ ਉੱਤੇ ਠੰਢੀਆਂ ਮਿਠੀਆਂ ਛਾਵਾਂ ਦਿੰਦੇ ਸੰਘਣੇ ਅਤੇ ਫਲਾਂ ਨਾਲ ਲੱਦੇ, ਖ਼ੂਬਸੂਰਤੀ ਤੇ ਤਾਜ਼ਗੀ ਬਖ਼ਸ਼ਦੇ ਅਨੇਕਾ ਤਰ੍ਹਾਂ ਦੇ ਰੁੱਖ-ਬੂਟੇ ਧਰਤੀ ਦਾ ਸ਼ਿੰਗਾਰ ਹੀ ਤਾਂ ਹਨ। ਰੁੱਖਾਂ ਤੋਂ ਸੱਖਣੀ ਧਰਤੀ ਦਾ ਕਿਆਸ ਕਰਕੇ ਦੇਖੋ। ਦੂਰ ਤੱਕ ਵੀਰਾਨੀ ਪਸਰੀ ਨਜ਼ਰ ਆਉਂਦੀ ਹੈ। ਜੇ ਘਰ ਦੇ ਵਿਹੜੇ ਵਿੱਚ ਰੁੱਖ ਹੋਵੇ ਤਾਂ ਠੰਢੀ ਮਿੱਠੀ ਛਾਂ ਤਾਂ ਮਿਲਦੀ ਹੀ ਹੈ, ਇਨ੍ਹਾਂ ਉੱਤੇ ਚਹਿਚਹਾਉਦੇ ਰੰਗ-ਬਰੰਗੇ ਪੰਛੀ ਵੀ ਮਨ ਮੋਹ ਲੈਂਦੇ ਹਨ। ਸੰਘਣੇ ਰੁੱਖਾਂ ਦੀ ਅਣਹੋਂਦ ਕਾਰਨ ਹੁਣ ਕੋਇਲ ਦੀ ਮਿੱਠੀ ਆਵਾਜ਼ ਵੀ ਕਦੇ ਘੱਟ ਹੀ ਸੁਣਾਈ ਦਿੰਦੀ ਹੈ। ਚਿੜੀਆਂ ਵਿਚਾਰੀਆਂ ਤਾਂ ਸ਼ਾਇਦ ਸਾਡੇ ਨਾਲ ਰੁੱਸ ਕੇ ਚਿਰਾਂ ਦੀਆਂ ਕਿਤੇ ਦੂਰ ਉਡਾਰੀ ਮਾਰ ਗਈਆਂ ਹਨ। ਸਦੀਆਂ ਤੋਂ ਮਨੁੱਖ ਰੁੱਖਾਂ ਦੇ ਅੰਗ-ਸੰਗ ਜੀਵਨ ਬਸਰ ਕਰਦਾ ਆ ਰਿਹਾ ਹੈ। ਧਰਤੀ ਦੇ ਆਦਿਕਾਲੀ ਬਸ਼ਿੰਦਿਆਂ ਦਾ ਜੀਵਨ ਤਾਂ ਸਦੀਆਂ ਤੱਕ ਦਰਿਆਵਾਂ ਦੇ ਕੰਢਿਆਂ 'ਤੇ ਸੰਘਣੇ ਜੰਗਲਾਂ ਵਿਚ ਬੀਤਿਆ। ਜੰਗਲੀ ਫੁੱਲ, ਫਲ, ਪੱਤੇ ਅਤੇ ਹੋਰ ਜੜੀਆਂ ਬੂਟੀਆਂ ਅਤੇ ਜੰਗਲੀ ਜਾਨਵਰ ਹੀ ਉਸ ਦੀ ਖ਼ੁਰਾਕ ਦਾ ਹਿੱਸਾ ਬਣਦੇ ਰਹੇ। ਖੇਤੀ ਸੱਭਿਆਚਾਰ ਹੋਣ ਕਾਰਨ ਖੇਤੀ ਵਿੱਚ ਵਰਤੋਂ ਆਉਣ ਵਾਲੇ ਅਨੇਕਾ ਸੰਦ-ਸੰਦੋੜੇ ਰੁੱਖਾਂ ਤੋਂ ਹੀ ਬਣਦੇ ਸਨ। ਇਸ ਕਾਰਨ ਉਸ ਵੇਲੇ ਮਨੁੱਖ ਕੁਦਰਤ ਦੇ ਵਧੇਰੇ ਨੇੜੇ ਸੀ। ਕੁਦਰਤ ਦੀ ਆਗੋਸ਼ ਵਿਚ ਵਿਚਰਦਾ ਮਨੁੱਖ ਕੁਦਰਤ ਤੋਂ ਭੈਅ ਖਾਂਦਾ ਸੀ। ਵਿਕਾਸ ਦੀਆਂ ਪੌੜੀਆਂ ਚੜ੍ਹਨ ਦੀ ਦੌੜ ਵਿੱਚ ਮਨੁੱਖ ਇਸ ਕਦਰ ਬੇਪ੍ਰਵਾਹ ਹੋ ਗਿਆ ਹੈ ਕਿ ਉਸ ਨੇ ਕੁਦਰਤੀ ਨੇਮਾਂ ਨੂੰ ਅੰਨ੍ਹੇਵਾਹ ਉਲੰਘ ਕੇ ਆਪਣੇ ਜੀਵਨ ਲਈ ਹੀ ਅਨੇਕਾਂ ਅਲਾਮਤਾਂ ਸਹੇੜ ਲਈਆਂ ਹਨ। ਰੁੱਖਾਂ ਪ੍ਰਤੀ ਮਨੁੱਖ ਦੀ ਉਦਾਸੀਨਤਾ ਵੀ ਅਜਿਹੀ ਸੋਚ ਦਾ ਹੀ ਨਤੀਜਾ ਹੈ। ਹਾਲਾਂਕਿ ਰੁੱਖ ਤਾਂ ਮਨੁੱਖ ਦੇ ਜਨਮ ਤੋਂ ਲੈ ਕੇ ਆਖ਼ਰੀ ਸਾਹਾਂ ਤੱਕ ਉਸ ਦਾ ਸਾਥ ਨਿਭਾਉਂਦੇ ਰਹੇ ਹਨ। ਖੇਤੀਬਾੜੀ ਦੇ ਸੰਦ, ਘਰ ਦੀ ਲੋੜ ਲਈ ਅਨੇਕਾਂ ਚੀਜਾਂ-ਵਸਤਾਂ ਬਣਾਉਣ ਅਤੇ ਆਖਰੀ ਸਮੇਂ ਭਾਵ ਮੌਤ ਤੋਂ ਬਾਅਦ ਵੀ ਰੁੱਖ ਹੀ ਹਨ ਜਿਹੜੇ ਮਨੁੱਖ ਦੇ ਸੱਚੇ ਸਾਥੀ ਕਹੇ ਜਾ ਸਕਦੇ ਹਨ।

ਧਰਤੀ ਦੇ ਕਿਸੇ ਵੀ ਟੁਕੜੇ ਉੱਤੇ ਕੁਦਰਤੀ ਵਾਤਾਵਰਨ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਘੱਟੋ ਘੱਟ ਤੀਜੇ ਹਿੱਸੇ ਉੱਤੇ ਜੰਗਲਾਂ ਦਾ ਹੋਣਾ ਲਾਜ਼ਮੀ ਹੈ। ਭਾਰਤ ਵਿੱਚ ਜੰਗਲਾਂ ਦੀ ਇਹ ਸਥਿਤੀ ਕੁੱਲ ਖੇਤਰਫਲ ਦੇ ਕੇਵਲ 20 ਫ਼ੀਸਦੀ ਰਕਬੇ ਤੋਂ ਵੀ ਘੱਟ ਹੈ। ਪਿਛਲੇ ਕੁੱਝ ਸਾਲਾਂ ਵਿਚ ਜਿਹੜੇ ਖੇਤਰਾਂ ਵਿਚ ਕੁਦਰਤੀ ਜੰਗਲ ਸਨ ਉਨ੍ਹਾਂ ਉਤੇ ਏਨੀ ਬੇਰਹਿਮੀ ਨਾਲ ਕੁਹਾੜਾ ਚਲਾਇਆ ਗਿਆ ਹੈ ਕਿ ਵਾਤਾਵਰਨ ਦਾ ਸੰਤੁਲਨ ਤਾਂ ਵਿਗੜਨਾ ਹੀ ਸੀ, ਉੱਥੇ ਸਦੀਆਂ ਤੋਂ ਵਸਦੇ ਲੋਕ, ਜਿੰਨ੍ਹਾ ਲਈ ਜ਼ਮੀਨ ਤੇ ਜੰਗਲ ਹੀ ਸਭ ਕੁੱਝ ਸੀ, ਉਹ ਵੀ ਕੁਰਲਾ ਉੱਠੇ ਹਨ। ਸੜਕਾਂ, ਮਕਾਨਾਂ, ਉਦਯੋਗਿਕ ਕੇਂਦਰਾਂ ਅਤੇ ਦਿਉਕੱਦ ਮਾਲਜ਼ ਦੀ ਉਸਾਰੀ ਲਈ ਬਿਨਾਂ ਕਿਸੇ ਨੀਤੀ ਅਤੇ ਯੋਜਨਾ ਦੇ ਰੁੱਖਾਂ ਨੂੰ ਬਲੀ ਚੜ੍ਹਾ ਦਿੱਤਾ ਹੈ। ਵਿਕਾਸ ਦੇ ਨਾਅ ਉਤੇ ਵਿਨਾਸ਼ ਦੀ ਇਹ ਲੀਲ੍ਹਾ ਬਦਸਤੂਰ ਜਾਰੀ ਹੈ। ਪੰਜਾਬ ਵਿੱਚ ਸੜਕਾਂ ਚਾਰ-ਮਾਰਗੀ ਬਣਾਉਂਣ ਲਈ ਕਈ ਪੰਜਾਹ-ਪੰਜਾਹ ਸਾਲ ਪੁਰਾਣੇ ਰੁੱਖਾਂ ਦਾ ਵੀ ਸਫ਼ਾਇਆ ਕਰ ਦਿੱਤਾ ਗਿਆ ਹੈ। ਬਦਲ ਰਹੇ ਸਮਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਕਾਸ ਹੋਣਾ ਜ਼ਰੂਰੀ ਹੈ, ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਪਰ ਇਹ ਵਿਕਾਸ ਯੋਜਨਾਬੱਧ ਤਰੀਕੇ ਨਾਲ ਹੋਣਾ ਚਾਹੀਦਾ ਹੈ। ਜੇ ਰੁੱਖਾਂ ਦੀ ਕਟਾਈ ਤੋਂ ਬਿਨਾ ਨਾ ਸਰਦਾ ਹੋਵੇ ਤਾਂ ਹੀ ਉਨ੍ਹਾਂ ਨੂੰ ਕੱਟਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਸੇ ਮਾਤਰਾ ਵਿੱਚ ਨਵੇ ਰੁੱਖ ਲਗਾ ਕੇ ਇਸ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਰੁੱਖਾਂ ਦੀ ਲਗਾਤਾਰ ਬਰਬਾਦੀ ਦੇ ਸਿੱਟੇ ਵਜੋਂ ਧਰਤੀ ਰੁੰਡ-ਮਰੁੰਡ ਹੁੰਦੀ ਜਾ ਰਹੀ ਹੈ ਤੇ ਭੋਂ-ਖੋਰ ਦੇ ਸਿੱਟੇ ਵਜੋਂ ਉਪਜਾਊ ਭੂਮੀ ਬੰਜਰ ਬਣਨੀ ਜਾਰੀ ਹੈ। ਮਨੁੱਖ ਦੇ ਜੀਉਣ ਲਈ ਸਭ ਤੋਂ ਵੱਡੀ ਲੋੜ ਹਵਾ ਦੀ ਹੈ। ਰੁੱਖ ਸਾਨੂੰ ਸ਼ੁੱਧ ਤੇ ਤਾਜ਼ੀ ਆਕਸੀਜਨ ਦਿੰਦੇ ਹਨ, ਜੋ ਮਨੁੱਖ ਲਈ ਜੀਵਨ-ਦਾਨ ਹੈ। ਕਾਰਖਾਨਿਆਂ ਦਾ ਕਾਲਾ ਸੰਘਣਾ ਧੂੰਆਂ, ਫਸਲਾਂ ਲਈ ਵਰਤੀਆਂ ਜਾਦੀਆਂ ਕੀਟਨਾਸ਼ਕ ਜ਼ਹਿਰਾਂ ਤੇ ਵਾਹਨਾਂ ਦੁਆਰਾ ਪੈਦਾ ਹੋ ਰਹੇ ਪ੍ਰਦੂਸ਼ਣ ਨੇ ਮਨੁੱਖ ਦੇ ਸਾਹ ਲੈਣ ਵਾਲੀ ਹਵਾ ਨੂੰ ਪਲੀਤ ਕਰ ਦਿੱਤਾ ਹੈ। ਰੁੱਖ, ਪ੍ਰਦੂਸ਼ਿਤ ਹਵਾ ਨੂੰ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੇ ਮਦਦਗਾਰ ਹਨ। ਰੁੱਖਾਂ ਦੀ ਕਟਾਈ ਕਾਰਨ ਵਾਤਾਵਰਨ ਵਿੱਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਗਏ ਹਨ ਜਿਸ ਦੇ ਪ੍ਰਭਾਵ ਸਦਕਾ ਮਨੁੱਖ ਜੀਵਨ ਨੂੰ ਕਈ ਤਰ੍ਹਾਂ ਦੇ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ। ਮਨੁੱਖੀ ਜੀਵਨ ਵਿੱਚ ਰੁੱਖਾਂ ਦੀ ਮਹੱਤਤਾ ਦਾ ਅਨੁਮਾਨ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਕਲੱਕਤਾ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਖੋਜਾਂ ਰਾਹੀ ਇਹ ਸਿੱਟਾ ਕੱਢਿਆ ਹੈ ਕਿ ਜੇ ਇੱਕ ਰੁੱਖ ਦੀ ਉਮਰ ਨੂੰ ਪੰਜਾਹ ਸਾਲ ਮੰਨਿਆਂ ਜਾਵੇ ਤਾਂ ਉਹ ਆਪਣਾ ਜੀਵਨ ਵਿਚ ਮਨੁੱਖ ਨੂੰ 15 ਲੱਖ 70 ਹਜ਼ਾਰ ਰੁਪਏ ਦਾ ਲਾਭ ਦਿੰਦਾ ਹੈ। ਇਸ ਵਿੱਚ ਆਕਸੀਜਨ, ਪ੍ਰਦੂਸ਼ਣ ਨੂੰ ਦੂਰ ਕਰਨ ਵਿਚ

ਸਹਾਇਤਾ, ਵਰਖਾ ਲਿਆਉਣ ਵਿਚ ਸਹਾਈ ਹੋਣਾ, ਲੱਕੜੀ ਦੇਣਾ, ਜ਼ਮੀਨ ਦੇ ਖੋਰੇ ਨੂੰ ਰੋਕਣਾ, ਪੰਛੀਆਂ ਲਈ ਰੈਣ ਬਸੇਰੇ ਦਾ ਕੰਮ ਕਰਨਾ ਤੇ ਠੰਡੀ ਮਿੱਠੀ ਛਾਂ ਦੇਣਾ ਆਦਿ ਸ਼ਾਮਿਲ ਹਨ ।

ਪੰਜਾਬ ਤਾਂ ਪਹਿਲਾਂ ਹੀ ਬਣਰਹਿਤ ਪਦੇਸ਼ ਹੈ ਜਿੱਥੇ ਕੁਲ ਖੇਤਰਫਲ ਦਾ ਕੇਵਲ ਪੰਜ ਫ਼ੀਸ ਖੇਤਰ ਹੀ ਰੁੱਖਾਂ ਹੇਠ ਹੈ। ਸਾਡੇ ਸਾਹਿਤ ਤੇ ਸੱਭਿਆਚਾਰ ਵਿੱਚ ਰੁੱਖਾਂ ਬਾਰੇ ਅਨੇਕਾਂ ਵੇਰਵੇ ਮਿਲਦੇ ਹਨ ਜਿਨ੍ਹਾਂ ਤੋਂ ਇਹ ਸਹਿਜ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪੁਰਾਣੇ ਪੰਜਾਬ ਦੇ ਲੋਕ ਰੁੱਖਾਂ ਨਾਲ ਕਿੰਨਾ ਪਿਆਰ ਕਰਦੇ ਸਨ। ਉਨ੍ਹਾਂ ਸਮਿਆਂ ਵਿੱਚ ਪਿੱਪਲ, ਬੋਹੜ, ਅੰਬ, ਨਿੰਮ ਤੇ ਟਾਹਲੀ ਵਰਗੇ ਰੁੱਖ ਪਿੰਡਾਂ ਦੀ ਸ਼ਾਨ ਹੋਇਆ ਕਰਦੇ ਸਨ। ਰੁੱਖ ਲਾਉਂਣ ਨੂੰ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ਪਿੰਡਾਂ ਵਿਚ ਤਾਂ ਇਹ ਰੁੱਖ ਭਾਈਚਾਰਕ ਸਾਝਾਂ ਦੇ ਪ੍ਰਤੀਕ ਸਨ। ਸਾਰਾ ਸਾਰਾ ਦਿਨ ਲੋਕ ਇਨ੍ਹਾਂ ਬਾਬੇ ਰੁੱਖਾਂ ਹੇਠ ਜੁੜੇ ਖੁਸ਼ੀਆਂ-ਗਮੀਆਂ, ਹਾਸਾ-ਠੱਠਾ, ਮਨਪ੍ਰਚਾਵਾ ਤੇ ਲੋਕ ਸਿਆਣਪਾਂ ਦੇ ਟੋਟਕੇ ਸਾਂਝੇ ਕਰਦੇ ਰਹਿੰਦੇ ਸਨ। ਸੰਘਣੇ ਰੁੱਖਾਂ ਹੇਠ ਜੁੜਦੀਆਂ ਸੱਥਾਂ ਇੱਕ ਤਰ੍ਹਾਂ ਪਿੰਡ ਦੇ ਸੂਚਨਾ ਕੇਦਰ ਵਜੋਂ ਵੀ ਕੰਮ ਕਰਦੀਆਂ ਸਨ। ਪੁਰਾਣੇ ਬਾਬੇ ਰੁੱਖ ਹੁਣ ਕਿੱਧਰੇ ਵੀ ਦਿਖਾਈ ਨਹੀ ਦਿੰਦੇ। ਅਜਿਹੇ ਰੁੱਖਾਂ ਹੇਠ ਹੀ ਕਦੇ ਸੱਥਾਂ ਜੁੜਦੀਆਂ ਸਨ, ਤੀਆਂ ਦੇ ਮੇਲੇ ਲੱਗਦੇ, ਮੁਟਿਆਰਾਂ ਪੀਘਾਂ ਝੂਟਦੀਆਂ, ਗਿੱਧੇ ਦਾ ਪੀੜ ਬੱਝਦਾ, ਗੀਤਾਂ ਦੀ ਛਹਿਬਰ ਲੱਗਦੀ ਅਤੇ ਅਤਿ ਦੀ ਗਰਮੀ ਵਿੱਚ ਲੋਕ ਇਨ੍ਹਾਂ ਦੀ ਠੰਡੀ-ਮਿੱਠੀ ਛਾਂ ਦਾ ਆਨੰਦ ਮਾਣਿਆ ਕਰਦੇ ਸਨ। ਸੰਘਣੇ ਰੁੱਖ ਮਨੁੱਖੀ ਸਾਝਾਂ ਦੇ ਪ੍ਰਤੀਤ ਮੰਨੇ ਜਾਦੇ ਸਨ। ਸਾਡੇ ਲੋਕ ਗੀਤਾਂ ਵਿਚ ਤਾਂ ਇੱਥੋਂ ਤੱਕ ਕਿਹਾ ਗਿਆ ਹੈ ਕਿ ਰੁੱਖ ਬੋਲ ਨਾ ਸਕਦੇ ਭਾਵੇਂ ਪਰ ਬੰਦਿਆਂ ਦੁੱਖ ਜਾਣਦੇ ਹਨ। ਰੁੱਖਾਂ ਦੇ ਲਗਾਤਾਰ ਵਢਾਂਗੇ ਨੇ ਪ੍ਰਦੂਸ਼ਣ ਦਾ ਪੱਧਰ ਐਨਾ ਵਧਾ ਦਿੱਤਾ ਹੈ ਕਿ ਸਾਹ ਲੈਣਾ ਵੀ ਔਖਾ ਹੁੰਦਾ ਜਾ ਰਿਹਾ ਹੈ। ਦਿੱਲੀ ਵਿਚ ਤਾਂ ਹਾਲਤ ਏਨੀ ਬਦਤਰ ਹੋ ਚੁੱਕੀ ਹੈ ਕਿ ਸਰਵ-ਉੱਚ ਅਦਾਲਤ ਨੂੰ ਇਸ ਦਾ ਨੋਟਿਸ ਲੈਣਾ ਪਿਆ ਹੈ।

ਜਦੋਂ ਤੱਕ ਸਮਾਜ ਦਾ ਹਰ ਵਿਅਕਤੀ ਰੁੱਖਾਂ ਦੀ ਮਹੱਤਤਾ ਪ੍ਰਤੀ ਜਾਗਰੂਕ ਨਹੀ ਹੁੰਦਾ, ਉਦੋਂ ਤੱਕ ਇਸ ਗੰਭੀਰ ਮਸਲੇ ਦਾ ਹੱਲ਼ ਨਹੀ ਕੀਤਾ ਜਾ ਸਕਦਾ। ਸਚਾਈ ਇਹ ਹੈ ਕਿ ਇਹ ਕਾਰਜ ਕਿਸੇ ਇੱਕਲੇ ਇਕਹਿਰੇ ਦੇ ਕਰਨ ਵਾਲਾ ਨਹੀ ਹੈ। ਇਸ ਸਬੰਧੀ ਪੂਰੇ ਸਮਾਜ ਨੂੰ ਸੁਚੇਤ ਪੱਧਰ ਤੇ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਕੋਈ ਵੀ ਲਹਿਰ ਉੱਦੋ ਤੱਕ ਸਫ਼ਲ ਨਹੀ ਹੋ ਸਕਦੀ ਜਦੋਂ ਤੱਕ ਉਸ ਨਾਲ ਲੋਕ ਨਾ ਜੁੜਨ। ਸਰਕਾਰੀ ਪੱਧਰ 'ਤੇ ਹਰ ਸਾਲ ਵਣ ਮਹਾਉਤਸਵ ਦੀ ਰਸਮ ਕਰਨ ਨਾਲ ਕੋਈ ਬਹੁਤੇ ਸਾਰਥਿਕ ਸਿੱਟੇ ਨਹੀ ਨਿਕਲਦੇ। ਇਸ ਸਮੇਂ ਲਗਾਏ ਬੂਟਿਆਂ ਵਿੱਚ ਬਹੁਤੇ ਬੂਟੇ ਸੰਭਾਲ ਨਾ ਕਰਨ ਦੇ ਸਿੱਟੇ ਵਜੋਂ ਮਰ-ਮੁੱਕ ਜਾਂਦੇ ਹਨ ।

ਮਨੁੱਖ ਅਤੇ ਰੁੱਖ ਦਾ ਮੁੱਢ ਕਦੀਮੀ ਰਿਸ਼ਤਾ ਹੈ। ਅਜੇ ਤੱਕ ਸਾਡੀ ਧਰਤੀ ਹੀ ਮਨੁੱਖ ਦੇ ਰਹਿੰਣ ਲਈ ਯੋਗ ਸਥਾਨ ਹੈ । ਇਸ ਧਰਤੀ ਨੂੰ ਮਨੁੱਖ ਵਾਸਤੇ ਜਿਉਣਯੋਗ ਬਣਾਈ ਰੱਖਣ ਲਈ ਮਨੁੱਖ ਅਤੇ ਰੁੱਖ ਦੇ ਆਪਸੀ ਰਿਸ਼ਤੇ ਨੂੰ ਹੋਰ ਪੀਢਾ ਕਰਨ ਦੀ ਲੋੜ ਹੈ। ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਅਤੇ ਮਨੁੱਖ ਦੇ ਸਦੀਵੀ ਸਬੰਧਾਂ ਨੂੰ ਪ੍ਰਗਟ ਕਰਦਿਆਂ ਇਨ੍ਹਾਂ ਦੀ ਮੱਹਤਤਾ ਦਰਸਾਈ ਹੈ –

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ ,
ਕੁਝ ਰੁੱਖ ਲੱਗਦੇ ਮਾਵਾਂ।
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ ,
ਕੁਝ ਰੁੱਖ ਵਾਂਗ ਭਰਾਵਾਂ।
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ ,
ਮੈ ਰੁੱਖਾਂ ਵਿਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਉਣ ਰੁੱਖਾਂ ਦੀਆਂ ਛਾਵਾਂ ।

* * * * *



## ਫੁੱਲਾਂ ਦੀ ਮਹਿਕ

ਸੀਤਲ ਸਿੰਘ ਸੈਣੀ

ਮਹਿਕ ਫੁੱਲਾਂ ਦੀ ਤਰਸਣ ਸਾਰੇ,
ਜਾਵਾਂ ਇਸ ਤੋਂ ਘੋਲ ਘੁਮਾਈ।
ਟਹਿਣੀ ਉਤੇ ਟਹਿਕੇ ਜਿਸ ਪੁਲ,
ਨਜ਼ਰ ਪਿਆਸੀ ਤੱਕੇ ਲਈ।
ਤੱਕਣ ਵਾਲੇ ਭਾਵੇਂ ਥੱਕਣ,
ਪਰ ਮੱਥੇ ਵੱਟ ਕਦੇ ਨਾ ਪਈਂ।
ਜਿਸ ਪੁੱਲ ਤੋੜੇਂ ਲਗ ਜਾਵਾਂ ਸੀਨੇ,
ਲਣ ਫੁੱਲਹਾਰ ਉਸ ਪ੍ਰੀਤਮ ਸਾਈਂ।
ਗਲ ਸ਼ੋਰੇ ਜਾਂ ਵਿੱਚ ਦਰਬਾਰੇ,
ਮਹਿਕੇ-ਟਹਿਕੇ ਉਸ ਪਲ ਤਾਈਂ।
ਹਾਰ ਗੁਲਾਬੀ ਬੱਨ੍ਹਣ ਤੋਂ ਪਹਿਲਾਂ,
ਵਿੱਚ ਸੀਨੇ ਹੱਸ ਡੇਕ ਪੁਆਈਂ।
ਖੁਸ਼ਬੂ ਤੇਰੀ ਅਲਮਸਤ ਬਾਨਵੇ,
ਦੇਖੀਂ ਕਿਧਰੇ ਛੋੜ ਨਾ ਜਾਈਂ।
ਅਰਜ਼ ਕਰਾਂ ਸਦ ਮਹਿਕੇ ਸੀਨੇ,
ਸਾਈਂ ਮਿਲਣ ਤੱਕ ਤੋੜ ਨਿਭਈਂ।

ਕਹਾਣੀ

# ਅੰਬਾਂ ਦਾ ਬੂਰ

ਸਤਨਾਮ ਚੌਹਾਨ
ਪਟਿਆਲਾ

ਇਸ ਵਾਰ ਵੀ ਬਹਾਰ ਆਈ। ਅੰਬਾਂ ਦੇ ਬੂਟੇ ਬੂਰ ਨਾਲ ਭਰ ਗਏ। ਬੂਰ ਨਾਲ ਲੱਦੇ ਅੰਬਾਂ ਦੇ ਬੂਟੇ ਵੱਖਰੀ ਭਾਅ ਮਾਰਦੇ। ਕਦੇ ਕਦੇ ਕੋਇਲ ਵੀ ਆ ਬਹਿੰਦੀ ਤੇ ਲੰਮੀ ਹੂਕ ਵਿੱਚ ਪਤਾ ਨਹੀ ਕਿਸ ਨੂੰ ਬੁਲਾ ਰਹੀ ਹੁੰਦੀ। ਘਰ ਦੇ ਗੇਟ 'ਤੇ ਲੱਗੀ ਬੁਗਨਵੇਲ ਦੇ ਭਰਵੇਂ ਫੁੱਲ ਖਿੜੇ ਹੋਏ ਸਨ, ਪਰ ਉਦਾਸ ਉਦਾਸ। ਹਰ ਸਾਲ ਪਾਲੀ ਬਹਾਰਾਂ ਦੇ ਦਿਨ ਮਾਲੀ ਨੂੰ ਫੋਨ ਕਰਕੇ ਪੁੱਛਦੀ ਕਿ ਅੰਬਾਂ 'ਤੇ ਬੂਰ ਆ ਗਿਆ? ਕਿੰਨੇ ਕੁ ਅੰਬ ਲੱਗਣਗੇ ਐਸ ਵਾਰੀ। ਤੇ ਮਾਲੀ ਦੱਸਦਾ ਇਸ ਵਾਰ ਬਹੁਤ ਫੁਲ ਆਇਗਾ, ਜੇ ਹਨ੍ਹੇਰੀਆਂ ਨਾ ਆਈਆਂ। ਬਹੁਤ ਸਾਲ ਪਹਿਲਾਂ ਜਦੋ ਪਾਲੀ ਇਨ੍ਹਾਂ ਰੁੱਤਾਂ ਵਿੱਚ ਅੰਬਾਂ 'ਤੇ ਲੱਗਿਆ ਬੂਰ ਦੇਖਦੀ ਸੀ ਤਾਂ ਉਸ ਨੂੰ ਇੱਕ ਸਰੂਰ ਆ ਜਾਦਾਂ ਤੇ ਉਹ ਗਾ ਉਠਦੀ, ਝੂਮ ਉਠਦੀ। ਅੰਬਾਂ ਤੇ ਬੂਰਾਂ ਵਾਲੀ ਰੁੱਤ ਹੀ ਬੜੀ ਮਸਤਾਨੀ ਹੁੰਦੀ ਹੈ। ਬਹਾਰਾਂ ਨੇ ਚਾਰ-ਚੁਫੇਰੇ ਆ ਡੇਰੇ ਲਾਏ ਹੁੰਦੇ ਨੇ। ਦਰਖਤਾਂ ਦੇ ਪੁਰਾਣੇ ਪੱਤੇ ਵੀ ਕਿਸੇ ਅਦਾ ਵਿੱਚ ਹੀ ਝੜਦੇ ਰਹਿੰਦੇ ਹਨ। ਲਹਿਰ-ਲਹਿਰ ਕੇ ਧਰਤੀ ਇੰਨੇ ਪੀਲੇ ਪੱਤਿਆਂ ਨਾਲ ਸ਼ਿੰਗਾਰੀ ਹੋਈ ਲੱਗਦੀ। ਪਾਲੀ ਨੂੰ ਆਪਣਾ ਜੋਬਨ ਵੀ ਖਿੜਿਆ ਤੇ ਖੁਸ਼ਬੂ-ਖੁਸ਼ਬੂ ਲੱਗਦਾ। ਉਸ ਨੂੰ ਫੌਜ ਵਿੱਚ ਭਰਤੀ ਹੋ ਗਏ ਸ਼ਿੰਦੇ ਦੀ ਬੜੀ ਯਾਦ ਆਉਂਦੀ..... ਕਿੰਨਾ ਨਿਰਮੋਹਿਆ ਹੋ ਗਿਆ, ਪਰ ਉਹ ਵੀ ਕੀ ਕਰੇ ਫੌਜ ਦੀ ਡਿਊਟੀ ਬਹੁਤ ਸਖਤ ਹੁੰਦੀ। ਹਰ ਵੇਲੇ ਤਿਆਰ-ਬਰ-ਤਿਆਰ ਰਹਿਣਾ ਪੈਂਦਾ, ਦੁਸ਼ਮਣ ਨਾਲ ਟੱਕਰ ਲੈਣ ਲਈ।

ਸ਼ਿੰਦਾ ਆਪਣੀ ਮਾਂ ਦਾ ਇਕਲੌਤਾ ਪੁੱਤਰ ਸੀ। ਸ਼ਿੰਦੇ ਦਾ ਬਾਪ ਕਈ ਸਾਲ ਪਹਿਲਾਂ ਫੌਜ ਵਿਚ ਹੀ ਲੜਾਈ ਦੌਰਾਨ ਸ਼ਹੀਦ ਹੋ ਗਿਆ ਸੀ। ਤੇ ਉਦੋਂ ਅੰਬਾਂ 'ਤੇ ਬੂਰ ਪਿਆ ਸੀ ਜੋ ਉਹ ਬਹੁਤ ਹੀ ਭਿਆਨਕ ਹਨ੍ਹੇਰੀਆਂ ਝੱਖੜਾਂ 'ਚ ਝੜ ਗਿਆ ਸੀ। ਉਸ ਸਾਲ ਤਾਂ ਕੋਇਲ ਵੀ ਨਾ ਬੋਲੀ। ਸ਼ਿੰਦੇ ਦੀ ਮਾਂ 'ਤੇ ਜਿੰਮੇਵਾਰੀਆਂ ਦਾ ਪਹਾੜ ਆ ਡਿੱਗਿਆ। ਉਸ ਨੇ ਫੇਰ ਵੀ ਹਿੰਮਤ ਨਾ ਹਾਰੀ ਆਪਣੇ ਪੁੱਤ ਨੂੰ ਜੋ ਉਸ ਨੇ ਪਤੀ ਦੀ ਨਿਸ਼ਾਨੀ ਸੀ ਦੁੱਧ-ਮੱਖਣਾਂ ਨਾਲ ਪਾਲਿਆ। ਛੇ ਫੁੱਟਾ ਸੋਹਣਾ ਸੁਨੱਖਾ ਗੱਭਰੂ। ਮਾਂ ਨਾਲ, ਜਿੱਦ ਕਰਕੇ ਫੋਜ ਵਿੱਚ ਭਰਤੀ ਹੋਣ ਚਲਾ ਗਿਆ। ਮਾਂ ਨੇ ਬਥੇਰਾ ਸਮਝਾਇਆ, ਵਾਸਤੇ ਪਾਏ, ਪਰ ਸ਼ਿੰਦੇ ਦੇ ਖੂਨ ਵਿਚ ਦੇਸ਼ਭਗਤੀ ਵਾਲਾ ਖੂਨ ਸੀ, ਉਸ ਦੇ ਸ਼ਹੀਦ ਪਿਤਾ ਦਾ। ਪਾਲੀ ਨੇ ਸ਼ਿੰਦੇ ਨੂੰ ਆਪਣੇ ਪਿਆਰ ਦਾ ਵਾਸਤਾ ਪਾਇਆ। ਉਸ ਨੇ ਕਿਹਾ," ਅੜਿਆ ਤੂੰ ਫੌਜ 'ਚ ਨਾ ਜਾ, ਆਪਾਂ ਇੱਥੇ ਖੇਤੀ ਕਰਾਂਗੇ ਰਲ-ਮਿਲ ਕੇ, ਘਰ ਦਾ ਗੁਜ਼ਾਰਾ ਚਲੀ ਜਾਊ"। ਸ਼ਿੰਦਾ ਫੇਰ ਵੀ ਜਿੰਦਾ ਕਰਕੇ ਫੌਜ ਵਿੱਚ ਚਲਾ ਗਿਆ।

ਪਾਲੀ ਉਸ ਨੂੰ ਉਡੀਕਦੀ ਹਰ ਬਹਾਰ ਰੁੱਤੇ। ਫੇਰ ਸ਼ਿੰਦਾ ਛੁੱਟੀ ਆਇਆ ਤੇ ਉਸ ਨੇ ਆਪਣੀ ਮਾਂ ਦਾ ਸੁਪਨਾ ਪੂਰਾ ਕਰਨ ਲਈ ਘਰ ਵਿੱਚ ਛਣ-ਛਣ ਕਰਦੀ ਦੁੱਧ 'ਚ ਕੇਸਰ ਘੁਲੇ ਰੰਗ ਵਰਗੀ ਪਾਲੀ ਨੂੰ ਉਸਦੀ ਨੂੰਹ ਬਣਾਉਣ ਲਈ ਹਾਂ ਕਰ ਦਿੱਤੀ। ਸ਼ਿੰਦਾ ਤੇ ਪਾਲੀ ਇੱਕ ਕਾਲਜ ਵਿੱਚ ਪੜ੍ਹਦੇ ਸਨ। ਪਾਲੀ ਕਦੇ ਕਦੇ ਪਿੰਡ ਆਪਣੀ ਭੂਆ ਨੂੰ ਮਿਲਣ ਆਉਂਦੀ ਸੀ। ਜਿਸ ਕਰਕੇ ਸ਼ਿੰਦੇ ਦੀ ਮਾਂ ਦਾ ਵੀ ਪਿਆਰ ਹੋ ਗਿਆ ਸੀ ਪਾਲੀ ਨਾਲ। ਪਾਲੀ ਸ਼ਿੰਦੇ ਦੀ ਮਾਂ ਨੂੰ ਸੁੱਘੜ ਤੇ ਸਚਿਆਰੀ ਲਗਦੀ। ਪਾਲੀ ਦੀ ਭੂਆ ਨੇ ਸ਼ਿੰਦੇ ਦੀ ਵਿਚੋਲਣ ਬਣ ਰਿਸ਼ਤਾ ਕਰਵਾ ਦਿੱਤਾ। ਸ਼ਹਿਨਾਈਆਂ ਵੱਜੀਆਂ, ਘੋੜੀਆਂ ਗਾਈਆ ਗਈਆ, ਗਿੱਧੇ ਪਏ ਤੇ ਜਾਗੋ ਕੱਢ ਕੇ ਤਾਂ ਮੇਲਣਾ ਨੇ ਬਹੁਤ ਹੀ ਰੌਣਕ ਲਾ ਦਿੱਤੀ। ਸ਼ਾਮ ਨੂੰ ਮੇਲਣਾ ਨੂੰ ਦੇਖਣ ਲਈ ਸਾਰਾ ਪਿੰਡ ਸ਼ਿੰਦੇ ਦੇ ਘਰ ਜਿਵੇ ਢੁੱਕ ਗਿਆ ਹੋਵੇ, ਖੂਬ ਰੈਂਣਕਾਂ ਲੱਗੀਆਂ। ਸ਼ਿੰਦਾ, ਪਾਲੀ ਦੀ ਡੋਲੀ ਲੈ ਆਇਆ। ਕੁੜੀਆਂ ਨੇ ਗਾਇਆ, 'ਪਾਣੀ ਵਾਰ ਬੰਨੇ ਦੀਏ ਮਾਏਂ, ਬੰਨਾ ਤੇਰਾ ਬਾਹਰ ਖੜ੍ਹਾ'। ਸ਼ਿੰਦੇ ਦੀ ਮਾਂ ਨੇ ਨੂੰਹ ਨੂੰ ਘਰ ਸ਼ਗਨ ਨਾਲ ਵਾੜਿਆ। ਉਸ ਨੂੰ ਲੱਗ ਰਿਹਾ ਸੀ, ਅੱਜ ਸਾਰੀਆਂ ਖੁਸ਼ੀਆਂ ਉਹਨੂੰ ਮਿਲ ਗਈਆਂ ਹਨ। ਜਿੰਨਾ ਉਹਨੇ ਦੁੱਖ ਹੰਡਾਇਆ ਸੀ, ਓਨਾ ਸੁੱਖ ਮਿਲ ਗਿਐ। ਭਾਵੇਂ ਉਸ ਦੇ ਦਿਲ ਦੇ ਕੋਨੇ ਵਿਚ ਸ਼ਿੰਦੇ ਦੇ ਪਿਉ ਦੀ ਯਾਦ ਤੇ ਉਸ ਦੀ ਅਣਹੋਂਦ ਹਰ ਪਲ ਰੜਕਦੀ ਰਹੀ। ਪਰ ਉਸ ਨੇ ਆਪਣੇ ਹੰਝੂ ਬਾਹਰ ਨਾ ਆਉਣ ਦਿੱਤੇ। ਉਹ ਨਹੀ ਚਾਹੁੰਦੀ ਸੀ ਕਿ ਖੁਸ਼ੀ ਦੇ ਮੌਕੇ ਉਸ ਦਾ ਬਹਾਦਰ ਪੁੱਤਰ ਉਸ ਦੇ ਹੰਝੂ ਦੇਖ ਦਿਲ ਭੈੜਾ ਕਰੇ।

ਸਾਰੇ ਪਿੰਡ ਵਿੱਚ ਇਸ ਸੋਹਣੀ ਜੋੜੀ ਦੀ ਚਰਚਾ ਸੀ। ਸ਼ਿੰਦਾ ਪਾਲੀ ਨੂੰ ਅਪਣੀ ਮਾਂ ਕੋਲ ਛੱਡ ਵਾਪਸ ਫੇਰ ਚਲਾ ਗਿਆ। ਪਾਲੀ ਨੂੰ ਵਿਛੋੜਾ ਸਹਿਣਾ ਬੜਾ ਔਖਾ ਲੱਗ ਰਿਹਾ ਸੀ। ਉਹ ਚਾਨਣੀਆ ਰਾਤਾਂ ਵਿੱਚ ਬੇਚੈਨ ਹੋਈ ਰਹਿੰਦੀ। ਉਸ ਦੇ ਘਰ ਚੰਨ ਵਰਗੇ ਪੁੱਤਰ ਨੇ ਜਨਮ ਲਿਆ। ਉਹ ਜਣੇਪਾ ਕੱਟਣ ਆਪਣੇ ਪੇਕੇ ਗਈ ਹੋਈ ਸੀ। ਪਾਲੀ ਨੇ ਸ਼ਿੰਦੇ ਨੂੰ ਪੁੱਤਰ ਹੋਣ ਦੀ ਖਬਰ ਭੇਜੀ। ਸ਼ਿੰਦਾ ਬਹੁਤ ਖੁਸ਼ ਸੀ। ਉਸ ਨੇ ਆਪਣੇ ਫੌਜੀ ਦੋਸਤਾਂ ਨੂੰ ਪਾਰਟੀ ਦਿੱਤੀ ਤੇ ਪਾਲੀ ਨਾਲ ਜਲਦੀ ਆਉਣ ਦਾ ਵਾਅਦਾ ਕੀਤਾ। 'ਮੇਰਾ ਸ਼ੇਰ ਪੁੱਤਰ ਕਿਸ ਵਰਗਾ ਹੈ?'। ਪਾਲੀ ਤੋਂ ਉਹ ਫੋਨ ਕਰਕੇ ਪੁੱਛਦਾ। ਪਾਲੀ ਕਹਿੰਦੀ, 'ਉਹ ਤਾਂ ਜਮਾ ਹੀ ਆਪਣੇ ਪਿਉ 'ਤੇ ਗਿਐ'।

ਉਡੀਕ ਕਰਦਿਆਂ ਅੰਬਾਂ ਦੀ ਰੁੱਤ ਆ ਗਈ। ਪਾਲੀ ਨੇ ਮਾਲੀ ਨੂੰ ਅੰਬਾਂ ਬਾਰੇ ਪੁੱਛਿਆ, ਜੋ ਕਿ ਉਨ੍ਹਾਂ ਦੇ ਖੇਤਾਂ ਵਿਚ ਲੱਗੇ ਹੋਏ ਸਨ ਤੇ ਉਹ ਠੇਕੇ 'ਤੇ ਮਾਲੀ ਲੈ ਲੈਂਦਾ ਸੀ। ਇਸ ਵਾਰ ਵੀ ਇਵੇਂ ਹੀ ਹੋਇਆ। ਫੇਰ ਪਤਾ ਨਹੀ ਮੌਸਮ ਨੂੰ ਕੀ ਹੋਇਆ? ਬੜੀਆਂ ਹਨ੍ਹੇਰੀਆਂ ਆਈਆਂ, ਝੱਖੜ ਝੁਲੇ।

ਬਾਕੀ ਸਫਾ 33 'ਤੇ .......

## ਰੂਸ-ਯੂਕਰੇਨ ਜੰਗ ਨੂੰ ਸੰਬੋਧਿਤ ਨਜ਼ਮ

ਇਹ ਨਜ਼ਮ ਸਾਹਿਰ ਲੁਧਿਆਣਵੀ ਨੇ ਉਰਦੂ ਭਾਸ਼ਾ ਵਿੱਚ ਉਦੋਂ ਲਿਖੀ ਸੀ ਜਦੋਂ ਸੰਸਾਰ ਦੂਜੀ ਵੱਡੀ ਜੰਗ ਦੇ ਮੁਹਾਣੇ ਤੋਂ ਲੰਘ ਰਿਹਾ ਸੀ। ਹੁਣ ਜਦੋਂ ਦੁਨੀਆਂ ਦੇ ਸਿਆਸਤਦਾਨਾਂ ਤੇ ਨੀਤੀਵਾਨਾਂ ਦੀ ਚੁੱਪ ਬੋਝਲ ਹੋ ਗਈ ਹੈ ਤਾਂ ਪੰਜ ਦਹਾਕੇ ਪਹਿਲਾਂ ਕਬਰ ਵਿੱਚ ਸੁੱਤੇ ਸ਼ਾਇਰ ਦੀ ਇਹ ਨਜ਼ਮ ਸੱਚ ਨੂੰ ਬਿਆਨ ਕਰਦੀ ਹੈ।

ਖ਼ੂਨ ਅਪਨਾ ਹੋ ਯਾ ਪਰਾਇਆ ਹੋ,
ਨਸਲ-ਏ-ਆਦਮ ਕਾ ਖ਼ੂਨ ਹੈ ਆਖ਼ਿਰ।
ਜੰਗ ਮਸ਼ਰਿਕ ਮੇਂ ਹੋ ਯਾ ਮਗਰਿਬ ਮੇਂ,
ਅਮਨ-ਏ-ਆਲਮ ਕਾ ਖ਼ੂਨ ਹੈ ਆਖ਼ਿਰ।
ਬੰਬ ਘਰੋਂ ਪਰ ਗਿਰੇਂ ਕਿ ਸਰਹੱਦ ਪਰ,
ਰੂਹ-ਏ-ਤਾਮੀਰ ਜ਼ਖ਼ਮ ਖਾਤੀ ਹੈ।
ਖੇਤ ਅਪਨੇ ਜਲੇਂ ਕਿ ਔਰੋਂ ਕੇ,
ਜ਼ੀਸਤ ਫਾਕੋਂ ਸੇ ਤਿਲਮਿਲਾਤੀ ਹੈ।
ਟੈਂਕ ਆਗੇ ਬੜੇਂ ਕਿ ਪੀਛੇ ਹਟੇਂ,
ਕੋਖ ਧਰਤੀ ਕੀ ਬਾਂਝ ਹੋਤੀ ਹੈ।
ਫਤਿਹ ਕਾ ਜਸ਼ਨ ਹੋ ਕਿ ਹਾਰ ਕਾ ਸੋਗ,
ਜ਼ਿੰਦਗੀ ਮਯੱਤੋਂ ਪੇ ਰੋਤੀ ਹੈ।
ਜੰਗ ਤੋ ਖੁਦ ਹੀ ਏਕ ਮਸਲਾ ਹੈ,
ਜੰਗ ਕਯਾ ਮਸਲੋਂ ਕਾ ਹਲ ਦੇਗੀ।
ਆਗ ਔਰ ਖ਼ੂਨ ਆਜ ਬਖ਼ਸ਼ੇਗੀ,
ਭੂਖ ਔਰ ਇਹਤਿਆਜ ਕੱਲ੍ਹ ਦੇਗੀ।
ਇਸ ਲੀਏ ਐ ਸ਼ਰੀਫ ਇਨਸਾਨੋ,
ਜੰਗ ਟਲਤੀ ਰਹੇ ਤੋ ਬਿਹਤਰ ਹੈ,
ਆਪ ਔਰ ਹਮ ਸਭੀ ਕੇ ਆਂਗਨ ਮੇਂ,
ਸ਼ਮ੍ਹਾਂ ਜਲਤੀ ਰਹੇ ਤੋ ਬਿਹਤਰ ਹੈ।
ਬਰਤਰੀ ਕੇ ਸਬੂਤ ਕੀ ਖ਼ਾਤਿਰ,
ਖ਼ੂੰ ਬਹਾਨਾ ਹੀ ਕਯਾ ਜ਼ਰੂਰੀ ਹੈ।
ਘਰ ਕੀ ਤਾਰੀਕਿਆਂ ਮਿਟਾਨੇ ਕੋ,
ਘਰ ਜਲਾਨਾ ਹੀ ਕਯਾ ਜ਼ਰੂਰੀ ਹੈ।
ਆਓ ਇਸ ਤੀਰਾ-ਬਖ਼ਤ ਦੁਨੀਆਂ ਮੇਂ,
ਫ਼ਿਕਰ ਕੀ ਰੌਸ਼ਨੀ ਕੋ ਆਮ ਕਰੇਂ।
ਅਮਨ ਕੋ ਜਿਨ ਸੇ ਤਕਿਵਯਤ ਪਹੁੰਚੇ,
ਐਸੇ ਜੰਗੋਂ ਕਾ ਅਹਤਿਮਾਮ ਕਰੇਂ।
ਜੰਗ ਬਹਸ਼ਤ ਸੇ ਬਰਬਰਿਯਤ ਸੇ,
ਅਮਨ ਤਹਿਜ਼ੀਬ ਔ ਇਤ੍ਰਿਕਾ ਕੇ ਲਿਯੇ।
ਜੰਗ ਮਰਗ-ਆਫ਼ਰੀਂ ਸਿਆਸਤ ਸੇ,
ਅਮਨ ਇਨਸਾਨ ਕੀ ਬਕਾ ਕੇ ਲਿਯੇ।
ਜੰਗ ਇਫ਼ਲਾਸ ਔਰ ਗੁਲਾਮੀ ਸੇ,
ਅਮਨ ਬਿਹਤਰ ਨਿਜ਼ਾਮ ਕੀ ਖ਼ਾਤਿਰ।
ਜੰਗ ਭਟਕੀ ਹੁਈ ਕਿਯਾਦਤ ਸੇ,
ਅਮਨ ਬੇਬਸ ਅਵਾਮ ਕੀ ਖ਼ਾਤਿਰ।
ਜੰਗ ਸਰਮਾਏ ਕੇ ਤਸੱਲੁਤ ਸੇ,
ਅਮਨ ਜਮਹੂਰ ਕੀ ਖ਼ੁਸ਼ੀ ਕੇ ਲਿਯੇ।
ਜੰਗ ਜੰਗੋਂ ਕੇ ਫ਼ਲਸਫ਼ੇ ਕੇ ਖ਼ਿਲਾਫ਼,
ਅਮਨ ਪੁਰਅਮਨ ਜ਼ਿੰਦਗੀ ਕੇ ਲਿਯੇ

* * * * *

**ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 23 ਮਾਰਚ 2020 ਤੇ ਭਾਵਭਿੰਨੀ ਸ਼ਰਧਾਂਜਲੀ**



**ਪੰਜਾਬ ਦੇ ਮਹਾਨ ਅਜ਼ਾਦੀ ਘੁਲਾਟੀਏ ਅਜੀਤ ਸੈਣੀ ਨੂੰ ਜਨਮ ਸ਼ਤਾਬਦੀ ਵਰ੍ਹੇ ਤੇ ਸੈਣੀ ਭਵਨ ਰੂਪਨਗਰ ਵਲੋਂ ਸ਼ਰਧਾਂਜਲੀ**





## ਗਾਇਕੀ ਦੇ ਇੱਕ ਯੁੱਗ ਦਾ ਅੰਤ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਮੰਦਭਾਗੇ ਸਾਲ, 2022 ਦੇ ਫਰਵਰੀ ਮਹੀਨੇ ਦੀ 6 ਤਾਰੀਖ ਨੂੰ ਭਾਰਤੀ ਸੰਗੀਤ ਦਾ ਇੱਕ ਅਹਿਮ ਸਿਤਾਰਾ ਹਮੇਸ਼ਾਂ ਲਈ ਡੁੱਬ ਗਿਆ। ਇਸ ਦਿਨ 'ਸੁਰਾਂ ਦੀ ਮਲਿਕਾ' ਲਤਾ ਮੰਗੇਸ਼ਕਰ ਦੀ ਵਿਲੱਖਣ ਆਵਾਜ਼ ਸਦਾ ਲਈ ਬੰਦ ਹੋ ਗਈ। ਉਨ੍ਹਾਂ ਦੇ ਜਾਣ ਨਾਲ ਸੰਗੀਤ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਜਿਸ ਵਿੱਚ ਭਾਰਤ ਦੀ ਵਿਰਾਸਤ ਅਤੇ ਸੱਭਿਆਚਾਰ ਦਾ ਰੋਸ਼ਨ ਭਵਿੱਖ ਦੇਖਿਆ ਜਾ ਸਕਦਾ ਸੀ। ਉਹ ਭਾਰਤੀ ਸੰਗੀਤ ਦੀ ਇੱਕੋ ਇੱਕ ਅਜਿਹੀ ਵਿਲੱਖਣ ਸਖਸ਼ੀਅਤ ਸੀ ਜਿਸ ਨੇ ਦੁਨੀਆਂ ਨੂੰ 75 ਸਾਲਾਂ ਤੱਕ ਆਪਣੀ ਮਿੱਠੀ ਆਵਾਜ਼ ਨਾਲ ਕੀਲੀ ਰੱਖਿਆ। ਉਹ ਦੁਨੀਆਂ ਦੀ ਇੱਕੋਇੱਕ ਅਜਿਹੀ ਗਾਇਕਕ ਸੀ ਜਿਸ ਨੇ 36 ਜ਼ੁਬਾਨਾਂ ਵਿੱਚ 30 ਹਜ਼ਾਰ ਤੋਂ ਵੱਧ ਗਾਣੇ ਗਾਏ।

ਲਤਾ ਮੰਗੇਸ਼ਕਰ ਦਾ ਜਨਮ 28 ਸਤੰਬਰ, 1929 ਨੂੰ ਮਰਾਠੀ ਬੋਲੀ ਦੇ ਥੀਏਟਰ ਕਲਾਕਾਰ ਪੰਡਿਤ ਦੀਨਾਨਾਥ ਮੰਗੇਸ਼ਕਰ ਦੇ ਘਰ ਇੰਦੌਰ ਸ਼ਹਿਰ ਵਿਖੇ ਹੋਇਆ। ਉਹ ਆਪਣੀਆਂ ਤਿੰਨ ਭੈਣਾਂ- ਆਸ਼ਾ ਭੌਂਸਲੇ, ਊਸ਼ਾ ਮੰਗੇਸ਼ਕਰ ਤੇ ਮੀਨਾ ਖਾਡੀਕਰ ਅਤੇ ਭਰਾ ਹਿਰਦੇਨਾਥ ਮੰਗੇਸ਼ਕਰ ਵਿੱਚ ਸਭ ਤੋਂ ਵੱਡੀ ਸੀ। ਉਨ੍ਹਾਂ ਦਾ ਪਰਿਵਾਰ ਸ਼ਾਸਤਰੀ ਸੰਗੀਤ ਅਤੇ ਥਿਏਟਰ ਨਾਲ ਜੁੜਿਆ ਹੋਇਆ ਸੀ। ਉਹ ਇੱਕ ਵਾਰ ਸਕੂਲ ਤਾਂ ਗਈ ਪਰ ਆਪਣੇ ਆਪ ਨੂੰ ਉਸ ਮਾਹੌਲ ਵਿੱਚ ਬੰਨ੍ਹ ਕੇ ਨਾ ਰੱਖ ਸਕੀ। ਇਸ ਲਈ ਉਸ ਨੇ ਮਰਾਠੀ ਭਾਸ਼ਾ ਦਾ ਗਿਆਨ ਆਪਣੇ ਘਰ ਵਿੱਚ ਕੰਮ ਕਰਦੇ ਨੌਕਰ ਤੋਂ ਹੀ ਹਾਸਲ ਕੀਤਾ। ਉਨ੍ਹਾਂ ਨੇ ਘਰ ਵਿੱਚ ਹੀ ਸੰਗੀਤ ਦੀ ਸਿੱਖਿਆ ਲਈ ਅਤੇ 13 ਸਾਲ ਦੀ ਉਮਰ ਵਿੱਚ ਹੀ ਗਾਣਾ ਸ਼ੁਰੂ ਕਰ ਦਿੱਤਾ। ਜਦੋਂ ਪਰਿਵਾਰ ਵਿਤੀ ਸੰਕਟ ਵਿੱਚ ਫਸ ਗਿਆ ਤਾਂ ਉਸ ਦੇ ਪਿਤਾ ਨੂੰ ਆਪਣੀ ਥਿਏਟਰ ਕੰਪਨੀ ਬੰਦ ਕਰਨੀ ਪਈ ਅਤੇ ਕਰਜ਼ੇ ਕਾਰਨ ਰਿਹਾਇਸ਼ੀ ਮਕਾਨ ਵੀ ਨਿਲਾਮ ਹੋ ਗਿਆ। ਇਸ ਤੋਂ ਬਾਅਦ ਲਤਾ ਨੇ ਮੁੰਬਈ ਨੂੰ ਆਪਣਾ ਪੱਕਾ ਟਿਕਾਣਾ ਬਣਾ ਲਿਆ।

ਲਤਾ ਮੰਗੇਸ਼ਕਰ ਨੂੰ 1943 ਤੋਂ 1947 ਤੱਕ ਰੁਜ਼ਗਾਰ ਲਈ ਕਈ ਸਟੂਡੀਓਜ਼ ਦੇ ਚੱਕਰ ਲਾਉਣੇ ਪਏ। ਅੰਤ 1947 ਵਿੱਚ ਮਰਾਠੀ ਫਿਲਮ 'ਗਜ ਭਾਊ' ਵਿੱਚ ਕੰਮ ਕਰਨ ਦਾ ਮੌਕਾ ਮਿਲ ਗਿਆ। ਉਂਜ ਉਨ੍ਹਾਂ ਦੀ ਫਿਲਮਾਂ ਵਿੱਚ ਰੋਲ ਕਰਨ ਦੀ ਦਿਲਚਸਪੀ ਨਹੀਂ ਸੀ। ਲਤਾ ਨੇ ਆਪਣਾ ਪਹਿਲਾ ਗੀਤ 1949 ਵਿੱਚ ਫਿਲਮ 'ਮਹਿਲ' ਲਈ ਰਿਕਾਰਡ ਕਰਵਾਇਆ। ਉਸ ਤੋਂ ਬਾਅਦ ਸੰਗੀਤ ਦਾ ਅਜਿਹਾ ਸਫ਼ਰ ਸ਼ੁਰੂ ਹੋਇਆ ਕਿ ਇਤਿਹਾਸ ਸਿਰਜਿਆ ਗਿਆ। ਉਨ੍ਹਾਂ ਨੇ ਜ਼ਿਆਦਾਤਰ ਗਾਣੇ ਮੁਹੰਮਦ ਰਫੀ ਨਾਲ ਹੀ ਗਾਏ। ਉਸ ਲਈ ਸੰਗੀਤ ਰੱਬ ਦੀ ਇਬਾਦਤ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਇਬਾਦਤ ਕਿਸੇ ਖੁਸ਼ਨਸੀਬ ਨੂੰ ਹੀ ਹਾਸਲ ਹੁੰਦੀ ਹੈ। ਇਸ ਸੌਗਾਤ ਨੂੰ ਲਤਾ ਨੇ ਸਾਰੀ ਉਮਰ ਲੋਕਾਂ ਵਿੱਚ ਵੰਡਿਆ।

ਲਤਾ ਮੰਗੇਸ਼ਕਰ ਨੇ ਜੀਵਨ ਵਿੱਚ ਕਦੇ ਸਮਝੌਤਾ ਨਹੀਂ ਕੀਤਾ। ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ। ਉਹ ਆਪਣੇ ਕੰਮ ਪ੍ਰਤਿ ਨਿਸ਼ਠਾਵਾਨ ਤੇ ਸਪਸ਼ਟ ਸਨ। ਲਤਾ ਨੂੰ ਕ੍ਰਿਕਟ ਨਾਲ ਜਨੂਨ ਦੀ ਹੱਦ ਤੱਕ ਪਿਆਰ ਸੀ। ਉਨ੍ਹਾਂ ਨੂੰ ਫੋਟੋਗ੍ਰਾਫੀ ਦਾ ਵੀ ਸ਼ੌਕ ਸੀ ਜਿਸ ਕਾਰਨ ਦੁਨੀਆਂ ਦੇ ਵੱਖ ਵੱਖ ਖਿੱਤਿਆਂ ਵਿੱਚ ਜਾ ਕੇ ਉਨ੍ਹਾਂ ਨੇ ਕੁਦਰਤ ਦੇ ਖੂਬਸੂਰਤ ਨਜ਼ਾਰਿਆਂ ਦੀਆਂ ਫੋਟੋਗਰਾਫ਼ਜ਼ ਖਿੱਚੀਆਂ। ਉਸ ਨੂੰ ਸੰਗੀਤ ਸੁਣਨਾ ਅਤੇ ਨਾਟਕ ਦੇਖਣ ਵਿੱਚ ਬਹੁਤ ਦਿਲਚਸਪੀ ਸੀ। ਕਈ ਫਿਲਮਾਂ ਤਾਂ ਉਸ ਨੇ ਕਈ ਕਈ ਵਾਰ ਦੇਖੀਆਂ। ਉਨ੍ਹਾਂ ਨੂੰ ਵੱਖ ਵੱਖ ਪ੍ਰਕਾਰ ਦੇ ਪਕਵਾਨਾਂ ਦਾ ਵੀ ਸ਼ੌਕ ਸੀ।



ਸੰਗੀਤ ਦੀ ਦੁਨੀਆਂ ਵਿੱਚ ਲਤਾ ਮੰਗੇਸ਼ਕਰ ਨੇ ਪੰਜਾਬੀ, ਮਰਾਠੀ ਤੇ ਬੰਗਾਲੀ ਆਦਿ ਪ੍ਰਮੁੱਖ ਭਾਰਤੀ ਭਾਸ਼ਾਵਾਂ ਤੋਂ ਇਲਾਵਾ ਅਗ੍ਰੇਜ਼ੀ, ਰੂਸੀ, ਡੱਚ ਅਤੇ ਸਵਾਹਿਲੀ ਵਿਦੇਸ਼ੀ ਭਾਸ਼ਾਵਾਂ ਵਿੱਚ ਵੀ ਆਪਣੀ ਆਵਾਜ਼ ਦੇ ਜਲਬੇ ਦਿਖਾਏ। ਫਰਾਂਸ ਸਰਕਾਰ ਨੇ ਲਤਾ ਨੂੰ ਆਪਣੇ ਦੇਸ਼ ਦੇ ਉਚਤਮ ਐਵਾਰਡ 'ਨੈਸ਼ਨਲ ਆਰਡਰ ਆਫ਼ ਦ ਲਿਜਨ ਆਫ਼ ਆਨਰ' ਨਾਲ ਸਨਮਾਨਿਤ ਕੀਤਾ। 1974 ਵਿੱਚ ਉਸ ਨੇ ਲੰਡਨ ਵਿਖੇ ਰਾਇਲ ਅਲਬਰਟ ਹਾਲ ਵਿੱਚ ਆਪਣਾ ਪ੍ਰੋਗ੍ਰਾਮ ਪੇਸ਼ ਕੀਤਾ। ਅਜਿਹਾ ਕਰਨ ਵਾਲੀ ਉਹ ਪਹਿਲੀ ਭਾਰਤੀ ਗਾਇਕਾ ਸੀ। ਉਸ ਨੇ 27 ਜਨਵਰੀ 1963 ਨੂੰ ਚੀਨ-ਭਾਰਤੀ ਜੰਗ ਸਮੇਂ ਸ਼ਹੀਦ ਹੋਏ ਭਾਰਤੀ ਸੈਨਿਕਾਂ ਦੀ ਯਾਦ ਵਿੱਚ ਗਾਣਾ 'ਐ ਮੇਰੇ ਵਤਨ ਕੇ ਲੋਗੋ..' ਗਾਇਆ ਜਿਸ ਨੂੰ ਸੁਣ ਕੇ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਸਨ। ਲਤਾ ਮੰਗੇਸ਼ਕਰ ਨੂੰ ਸੰਗੀਤ ਖੇਤਰ ਵਿੱਚ ਪ੍ਰਾਪਤੀਆਂ ਲਈ 'ਕੁਈਨ ਆਫ਼ ਮੈਲੋਡੀ' ਅਤੇ 'ਨਾਈਟਿੰਗੇਲ ਆਫ਼ ਇੰਡੀਆ' ਜਿਹੇ ਖਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਉਸ ਨੂੰ 1969 ਵਿੱਚ ਪਦਮ ਭੂਸ਼ਨ, 1989 ਵਿੱਚ ਦਾਦਾ ਸਾਹਿਬ ਫਾਲਕੇ ਐਵਾਰਡ, 1999 ਵਿੱਚ ਪਦਮ ਵਿਭੂਸ਼ਨ ਅਤੇ 2001 ਵਿੱਚ ਦੇਸ਼ ਦੇ ਸਭ ਤੋਂ ਵਕਾਰੀ ਪੁਰਸਕਾਰ 'ਭਾਰਤ ਰਤਨ' ਹਾਸਲ

ਬਾਕੀ ਸਫਾ 29 'ਤੇ.....

# ਮਾਨਸਿਕ ਸਿਹਤ

**ਅਮਰਜੀਤ ਸਿੰਘ**
**ਰੂਪਨਗਰ**



ਮਾਨਸਿਕ ਸਿਹਤ ਦੀ ਸਮੱਸਿਆ ਅੱਜ ਬਹੁਤ ਗੰਭੀਰ ਬਣ ਗਈ ਹੈ। ਪੱਛਮੀ ਦੇਸ਼ਾਂ ਵਿੱਚ, ਖਾਸ ਕਰਕੇ ਸੰਸਾਰ ਦੇ ਸਭ ਤੋਂ ਵੱਧ ਵਿਕਸਤ ਦੇਸ਼ ਅਮਰੀਕਾ ਵਿਚ ਜਿਥੇ ਜ਼ਿੰਦਗੀ ਦੀ ਦੌੜ-ਭੱਜ ਬਹੁਤ ਤੇਜ਼ ਹੈ, ਹਰ ਦਸਵਾਂ ਵਿਅਕਤੀ ਮਾਨਸਿਕ ਉਲਝਣਾਂ ਤੋਂ ਰੋਗਾਂ ਦਾ ਸ਼ਿਕਾਰ ਹੈ ਅਤੇ ਉਸ ਨੂੰ ਇਨ੍ਹਾਂ ਰੋਗਾਂ ਦੇ ਇਲਾਜ ਲਈ ਮਾਨਸਿਕ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਜਿਨ੍ਹਾਂ ਦੀਆਂ ਉਲਝਣਾਂ ਘੱਟ ਗੰਭੀਰ ਹੁੰਦੀਆ ਹਨ, ਉਨ੍ਹਾਂ ਨੂੰ ਚਕਿਤਸਕ ਮਨੋਵਿਗਿਆਨੀਆਂ ਦੀ ਸਹਾਇਤਾ ਲੈਣੀ ਪੈਂਦੀ ਹੈ। ਅੱਜ ਕੱਲ੍ਹ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਦਰਅਸਲ ਮਾਨ੍ਸਿਕ ਹੀ ਹੁੰਦੀਆਂ ਹਨ, ਭਾਵੇਂ ਇਕ ਆਮ ਮਨੁੱਖ ਉਨ੍ਹਾ ਨੂੰ ਮਾਨਸਿਕ ਨਹੀ ਸਮਝਦਾ। ਬਹੁਤ ਸਾਰੇ ਡਾਕਟਰਾਂ ਅਨੁਸਾਰ ਬਹੁਤੇ ਰੋਗੀ ਜਿਹੜੇ ਉਨ੍ਹਾਂ ਪਾਸ ਸਰੀਰਕ ਵਿਕਾਰਾਂ ਦਾ ਇਲਾਜ ਕਰਵਾਉਣ ਲਈ ਆਉਂਦੇ ਹਨ, ਦਰਅਸਲ ਉਨ੍ਹਾਂ ਦੇ ਰੋਗਾਂ ਦਾ ਕਾਰਨ ਡਰ, ਚਿੰਤਾ ਜਾਂ ਕੋਈ ਹੋਰ ਮਨੋਵਿਗਿਆਨਕ ਹੀ ਹੁੰਦਾ ਹੈ। ਉਨ੍ਹਾ ਦੀਆਂ ਬਹੁਤੀਆਂ ਤਕਲੀਫਾਂ ਮਾਨਸਿਕ ਹੀ ਹੁੰਦੀਆ ਹਨ, ਭਾਵੇਂ ਉਨ੍ਹਾ ਦੇ ਚਿੰਨ੍ਹ ਸਰੀਰਕ ਹੁੰਦੇ ਹਨ। ਜਿਵੇਂ ਇੱਕ ਵਿਅਕਤੀ ਜਿਹੜਾ ਕਿਸੇ ਮਾਨਸਿਕ ਸੰਘਰਸ਼ ਦਾ ਸ਼ਿਕਾਰ ਹੈ, ਹਮੇਸ਼ਾਂ ਇਹੀ ਸ਼ਿਕਾਇਤ ਕਰਦਾ ਹੈ ਕਿ ਸਾਰੀ ਰਾਤ ਸੌਣ ਦੇ ਬਾਵਜੂਦ ਜਦ ਉਹ ਸਵੇਰੇ ਉੱਠਦਾ ਹੈ ਤਾਂ ਉਹ ਥੱਕਿਆ ਹੋਇਆ ਮਹਿਸੂਸ ਕਰਦਾ ਹੈ, ਉਸ ਦਾ ਸਾਰਾ ਸਰੀਰ ਅਰਾਮ ਕਰਨ ਦੇ ਬਾਅਦ ਵੀ ਟੁੱਟਦਾ ਰਹਿੰਦਾ ਹੈ।

ਸਕੂਲ ਜਾਂ ਕਾਲਜ ਵਿਚ ਜੇ ਕੋਈ ਬੁੱਧੀਮਾਨ ਵਿਦਿਆਰਥੀ ਆਪਣੀ ਪੜ੍ਹਾਈ ਵਿਚ ਸਫਲਤਾ ਪ੍ਰਾਪਤ ਨਾ ਕਰ ਸਕੇ ਅਤੇ ਹਮੇਸ਼ਾਂ ਇਹੀ ਸ਼ਿਕਾਇਤ ਕਰੇ ਕਿ ਉਹ ਉਸ ਦਾ ਪੜ੍ਹਾਈ ਵਿਚ ਪੂਰਾ ਮਨ ਨਹੀਂ ਲਗਦਾ ਤਾਂ ਇਸ ਦਾ ਕਰਨ ਭਾਵਾਤਮਕ ਅਸੰਤੁਲਨ ਹੋ ਸਕਦਾ ਹੈ। ਕਿਸੇ ਦਫਤਰ ਵਿਚ ਕੋਈ ਕਰਮਚਾਰੀ ਆਪਣੇ ਅਫਸਰਾਂ ਨਾਲ ਲੜਦਾ-ਝਗੜਦਾ ਰਹੇ ਜਾਂ ਹਮੇਸ਼ਾਂ ਸਿਰਦਰਦ ਦੀ ਸ਼ਿਕਾਇਤ ਕਰੇ ਅਤੇ ਡਾਕਟਰ ਉਸ ਦਾ ਇਲਾਜ ਕਰਨ ਤੋਂ ਅਸਮਰਥ ਹੋ ਜਾਣ ਤਾਂ ਇਹ ਵੀ ਮਨੋਵਿਗਿਆਨਕ ਸਮੱਸਿਆ ਹੈ। ਇਕ ਮਨੋਵਿਗਿਆਨੀ ਹੀ ਇਸ ਦਾ ਕਾਰਨ ਲੱਭ ਕੇ ਉਸ ਵਿਅਕਤੀ ਦੀ ਸਹਾਇਤਾ ਕਰ ਸਕਦਾ ਹੈ। ਜ਼ਿੰਦਗੀ ਵਿਚ ਅਜਿਹੀਆਂ ਕਈ ਹੋਰ ਮਾਨਸਿਕ ਉਲਝਣਾਂ ਹੁੰਦੀਆਂ ਹਨ ਜਿਵੇਂ ਇਕ ਜਵਾਨ ਪਤੀ ਹਮੇਸ਼ਾਂ ਹੀ ਆਪਣੀ ਪਤਨੀ ਨਾਲ ਦੁਰਵਿਵਹਾਰ ਕਰੇ ਜਾਂ ਆਤਮ-ਹੱਤਿਆ ਕਰਨ ਦੀ ਧਮਕੀ ਦਿੰਦਾ ਰਹੇ, ਇਕ ਵਿਅਕਤੀ ਹਮੇਸ਼ਾਂ ਹੀ ਆਪਣੀ ਅਸਫਲਤਾ ਬਾਰੇ ਸੋਚਦਾ ਰਹੇ ਅਤੇ ਆਪਣੇ ਕੰਮ ਨੂੰ ਜਾਰੀ ਨਾ ਰੱਖ ਸਕੇ, ਜੇ ਪਿਤਾ ਜਾਂ ਪਰਿਵਾਰ ਦਾ ਕੋਈ ਹੋਰ ਮੁਖੀ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਤੋਂ ਬਚਣ ਲਈ ਹਮੇਸ਼ਾਂ ਬਾਹਰ ਰਹੇ ਜਾਂ ਕੋਈ ਨੌਜਵਾਨ ਲੜਕਾ ਜਾਂ ਲੜਕੀ ਬਹੁਤ ਸਾਰੇ ਲੋਕਾਂ ਦੇ ਇਕੱਠ ਵਿਚ ਸੰਗ ਜਾਵੇ, ਇੱਕ ਵਿਦਿਆਰਥੀ ਹਮੇਸ਼ਾਂ ਬਿਨਾਂ ਕਿਸੇ ਕਾਰਨ ਤੋਂ ਡਾਵਾਂਡੋਲ, ਬੇਚੈਨ ਜਾਂ ਚਿੰਤਾਵਾਨ ਰਹੇ ਅਤੇ ਆਪਣੀ ਪੜ੍ਹਾਈ ਲਈ ਕਲਾਸ ਵਿਚ ਨਾ ਜਾਵੇ ਤਾਂ ਇਹ ਸਾਰੇ ਮਾਨਸਕਿ ਰੋਗਾਂ ਦੇ ਚਿਨ੍ਹ ਹਨ। ਇਹ ਉਨ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਦਾ ਹੀ ਸਿੱਟਾ ਹਨ।

ਮਾਨਸਿਕ ਸਿਹਤ ਤੋਂ ਭਾਵ ਮਾਨਸਿਕ ਤੰਦਰੁਸਤੀ ਤੋਂ ਹੈ। ਮਾਨਸਿਕ ਤੰਦਰੁਸਤੀ ਉਹ ਯੋਗਤਾ ਹੈ ਜਿਹੜੀ ਸਾਨੂੰ ਜ਼ਿੰਦਗੀ ਦੀਆਂ ਮੁਸ਼ਕਲ ਤੇ ਕਠਿਨ ਹਾਲਾਤਾਂ ਵਿਚ ਸੰਤੁਲਨ ਰੱਖਣ ਦੇ ਸਮਰੱਥ ਬਣਾਉਂਦੀ ਹੈ। ਇਸ ਲਈ ਮਾਨਸਿਕ ਸਿਹਤ ਤੋਂ ਭਾਵ ਮਨੁੱਖੀ ਸੰਤੁਲਨ ਹੈ ਜਿਸ ਨਾਲ ਮਨ ਦੀ ਸ਼ਾਂਤੀ ਤੇ ਖੁਸ਼ੀ ਵਧਦੀ ਹੈ ਅਤੇ ਜ਼ਿੰਦਗੀ ਵਿਚ ਸੰਤੁਸ਼ਟਤਾ ਆਉਂਦੀ ਹੈ। ਮਾਨਸਿਕ ਸਿਹਤ ਸਰੀਰ ਅਤੇ ਮਨ ਦੋਵਾਂ ਦੀ ਸਥਿਤੀ 'ਤੇ ਹੀ ਨਿਰਭਰ ਕਰਦੀ ਹੈ। ਭਾਵੇਂ ਮਾਨਸਿਕ ਸਿਹਤ ਵਿਚ ਸਰੀਰਕ ਤੰਦਰੁਸਤੀ ਵੀ ਆ ਜਾਂਦੀ ਹੈ ਪਰੰਤੂ ਕੇਵਲ ਸਰੀਰਕ ਸਿਹਤ ਵਿਚ ਇਹ ਜ਼ਰੂਰੀ ਨਹੀ ਕਿ ਇਸ ਵਿਚ ਮਾਨਸਿਕ ਸਿਹਤ ਵੀ ਹੋਵੇ। ਆਧੁਨਿਕ ਯੁਗ ਵਿਚ ਬੱਚੇ ਵਿਸ਼ੇਸ਼ ਤੌਰ 'ਤੇ ਕਿਸ਼ੋਰ ਅਵਸਥਾ ਦੇ ਬੱਚੇ ਭਾਵੇਂ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਹਨ ਪਰ ਉਨ੍ਹਾਂ ਵਿਚ ਮਾਨਸਿਕ ਸਿਹਤ ਦੀ ਘਾਟ ਹੈ ਕਿਉਂਕਿ ਉਨ੍ਹਾਂ ਦੀਆਂ ਮਾਨਸਿਕ ਕਿਰਿਆਵਾਂ ਠੀਕ ਢੰਗ ਨਾਲ ਵਿਕਸਿਤ ਨਹੀ ਹੋਈਆਂ ਹੁੰਦੀਆਂ। ਉਨ੍ਹਾਂ ਵਿਚ ਮਾਨਸਿਕ ਯੋਗਤਾਵਾਂ ਜਿਵੇਂ ਕਿ ਸਿੱਖਣ ਕਿਰਿਆ, ਯਾਦਦਾਸ਼ਤ, ਧਾਰਨਾ ਕਿਰਿਆ, ਸਵੈ-ਕੇਂਦਰਤਾ, ਸਮੱਸਿਆ ਦਾ ਹੱਲ ਲੱਭਣ ਅਤੇ ਜਲਦੀ ਨਿਰਣਾ ਲੈਣ ਦੀ ਸ਼ਕਤੀ ਆਦਿ ਦੀ ਘਾਟ ਹੁੰਦੀ ਹੈ।

ਮਾਨਸਿਕ ਸਿਹਤ ਤੋਂ ਭਾਵ ਸਰੀਰ ਅਤੇ ਮਨ ਦੋਵਾਂ ਦਾ ਹੀ ਨਪੁੰਨਤਾ ਅਤੇ ਇਕਸਾਰਤਾ ਨਾਲ ਕੰਮ ਕਰਨ ਤੋਂ ਹੈ। ਮਾਨਸਿਕ ਸਿਹਤ ਇਕ ਮੂਲ ਕਾਰਕ ਹੈ, ਜਿਹੜਾ ਸਰੀਰਕ ਸਿਹਤ ਅਤੇ ਸਮਾਜਿਕ ਪ੍ਰਭਾਵਿਕਤਾ ਨੂੰ ਕਾਇਮ ਕਰਨ ਵਿਚ ਯੋਗਦਾਨ ਪਾਉਂਦਾ ਹੈ। ਜੇ ਇਕ ਵਿਅਕਤੀ ਸਰੀਰਕ ਤੌਰ 'ਤੇ ਚੰਗੀ ਸਿਹਤ ਦਾ ਮਾਲਕ ਹੈ ਅਤੇ ਉਸ ਦੀਆਂ ਇੱਛੁਕ, ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ ਹਨ ਅਤੇ ਉਹ ਸਮਾਜਿਕ ਤੌਰ 'ਤੇ ਸੰਤੁਲਤ ਹੈ ਤਾਂ ਉਸ਼ ਦੀ ਮਾਨਸਿਕ ਸਿਹਤ ਵੀ ਚੰਗੀ ਹੋਵੇਗੀ। ਚੰਗੀ ਮਾਨਸਿਕ ਸਿਹਤ ਵਾਲੇ ਵਿਅਕਤੀ ਉਹ ਹੁੰਦੇ ਹਨ ਜਿਹੜੇ ਖੁਸ਼, ਆਸ਼ਾਵਾਦੀ ਅਤੇ ਸੰਤੁਲਿਤ ਸ਼ਖਸੀਅਤ ਦੇ ਮਾਲਕ ਹੋਣ। ਸੰਸਾਰ ਸਿਹਤ ਸੰਗਠਨ

ਅਨੁਸਾਰ, ਮਾਨਸਿਕ ਸਿਹਤ ਇਕ ਸੰਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਸਲਾਮਤੀ ਦੀ ਸਥਿਤੀ ਹੈ। ਇਸ ਲਈ ਮਾਨਸਿਕ ਸਿਹਤ ਤੋਂ ਭਾਵ ਮਾਨਸਿਕ ਰੋਗਾਂ ਤੇ ਵਿਕਾਰਾਂ ਤੋਂ ਰਹਿਤ ਮਨ ਦੀ ਸਥਿਤੀ ਹੈ। ਇਕ ਤੰਦਰੁਸਤ ਵਿਅਕਤੀ ਜਿਹੜਾ ਸਰੀਰਕ ਤੌਰ 'ਤੇ ਨਰੋਆ ਹੈ, ਉਹ ਮਾਨਸਿਕ ਪੱਖੋਂ ਵੀ ਤੀਖਣ ਹੁੰਦਾ ਹੈ। ਜੋ ਭਾਵਾਤਮਕ ਤੌਰ 'ਤੇ ਪਰਪੱਕ ਅਤੇ ਸਮਾਜਿਕ ਤੌਰ 'ਤੇ ਸਮਾਯੋਜਿਤ ਹੋਵੇਗਾ, ਉਹੀ ਵਿਅਕਤੀ ਚੰਗੀ ਮਾਨਸਿਕ ਸਿਹਤ ਦਾ ਮਾਲਕ ਹੁੰਦਾ ਹੈ।

ਮਾਨਸਿਕ ਤੌਰ 'ਤੇ ਸਿਹਤਮੰਦ ਵਿਅਕਤੀ ਚੰਗੀ ਸਿਹਤ ਦਾ ਮਾਲਕ ਹੁੰਦਾ ਹੈ। ਉਹ ਕਈ ਮਨੋਵਿਗਿਆਨਕ ਬਿਮਾਰੀਆਂ ਭਾਵ ਮਾਨਸਿਕ ਸੰਤਾਪ, ਅਵਸ਼ਾਦ ਰੋਗ, ਬੰਧਨਕਾਰੀ, ਮਨੋਗ੍ਰਸਤਤਾ, ਚਿੰਤਾ ਤੇ ਕਈ ਹੋਰ ਪ੍ਰਕਾਰ ਦੀਆਂ ਮਾਨਸਿਕ ਬਿਮਾਰੀਆਂ ਤੋਂ ਮੁਕਤ ਹੁੰਦਾ ਹੈ। ਉਹ ਮਨੋਵਿਗਿਆਨਕ ਤੌਰ 'ਤੇ ਤੰਦੁਰਸਤ, ਭਾਵਾਤਮਕ ਤੌਰ ਤੇ ਸੰਤੁਲਤ ਅਤੇ ਸਥਿਰ ਹੁੰਦਾ ਹੈ। ਉਸ ਦੇ ਸੰਵੇਗ ਨਿਯੰਤਰਨ ਭਰਪੂਰ ਹੁੰਦੇ ਹਨ ਅਤੇ ਉਹ ਜਲਦੀ ਗੁੱਸੇ ਵਿਚ ਨਹੀ ਆਉਂਦਾ। ਉਹ ਜ਼ਿੰਦਗੀ ਵਿਚ ਭਾਵਾਤਮਕ ਤਣਾਅ ਤੇ ਦਬਾਅ ਤੋਂ ਵੀ ਮੁਕਤ ਹੁੰਦਾ ਹੈ। ਅਜਿਹੇ ਵਿਅਕਤੀ ਦਾ ਬੌਧਿਕ ਤੌਰ ਤੇ ਵਿਕਾਸ ਹੋਇਆ ਹੁੰਦਾ ਹੈ। ਉਹ ਸੁਤੰਤਰ ਤੌਰ 'ਤੇ ਸੋਚ ਸਕਦਾ ਹੈ ਅਤੇ ਠੀਕ ਢੰਗ ਨਾਲ ਫੈਸਲੇ ਕਰਨ ਦੇ ਯੋਗ ਹੁੰਦਾ ਹੈ। ਉਸ ਵਿਚ ਸਮਾਯੋਜਨ ਕਰਨ ਦੀ ਯੋਗਤਾ ਹੁੰਦੀ ਹੈ। ਉਹ ਦੂਜੇ ਲੋਕਾਂ ਨਾਲ ਵੀ ਸੰਪਰਕ ਕਾਇਮ ਕਰਨ ਦੀ ਯੋਗਤਾ ਰੱਖਦਾ ਹੈ ਅਤੇ ਸਮਾਜਿਕ ਕਿਰਿਆਵਾਂ ਵਿਚ ਭਾਗ ਲੈਂਦਾ ਹੈ। ਉਹ ਭਾਵਾਤਮਕ ਪ੍ਰੇਸ਼ਾਨੀਆਂ ਦੇ ਤਣਾਅ ਤੇ ਦਬਾਅ ਥੱਲੇ ਵੀ ਠੀਕ ਢੰਗ ਨਾਲ ਕਾਰਜ ਕਰਦਾ ਹੈ। ਉਸ ਦੀ ਜ਼ਿੰਦਗੀ ਦੇ ਟੀਚੇ ਉੱਚੇ ਹੁੰਦੇ ਹਨ। ਉਹ ਦੂਜੇ ਲੋਕਾਂ ਨਾਲ ਮਿਲਵਰਤਨ ਤੇ ਇਕਸਾਰਤਾ ਵਾਲੇ ਸਬੰਧ ਕਾਇਮ ਕਰਦਾ ਹੈ। ਉਹ ਆਪਣੇ ਪਰਿਵਾਰ, ਘਰ, ਗੁਆਂਢ ਅਤੇ ਆਲੇਦੁਆਲੇ ਨਾਲ ਸੰਤੁਸ਼ਟ ਹੁੰਦਾ ਹੈ। ਉਸ ਨੂੰ ਹੋਰ ਲੋਕਾਂ ਨਾਲ ਕੰਮ ਕਰਨ ਵਿਚ ਖੁਸ਼ੀ ਮਿਲਦੀ ਹੈ। ਉਹ ਆਪਣੇ ਕਿੱਤੇ ਨੂੰ ਪਿਆਰ ਕਰਦਾ ਹੈ। ਉਸ ਨੂੰ ਜ਼ਿੰਦਗੀ ਵਿਚ ਉਤਸ਼ਾਹ ਮਿਲਦਾ ਹੈ। ਉਹ ਆਪਣੀ ਨੁਕਤਾਚੀਨੀ ਵੀ ਬਰਦਾਸ਼ਤ ਕਰਦਾ ਹੈ। ਉਸ ਦੀਆਂ ਆਦਤਾਂ, ਵਤੀਰਾ ਅਤੇ ਰੁੱਚੀਆਂ ਸਮਾਜਿਕ ਕਦਰਾਂ-ਕੀਮਤਾਂ ਅਨੁਸਾਰ ਪ੍ਰਵਾਨਿਤ ਹੁੰਦੀਆਂ ਹਨ। ਉਹ ਆਪਣੇ ਕਰਤੱਵਾਂ ਦੀ ਪਾਲਣਾ ਕਰਨ ਲਈ ਪਾਬੰਦ ਹੁੰਦਾ ਹੈ। ਉਸ ਵਿਚ, ਜ਼ਿੰਦਗੀ ਦੀਆਂ ਹਾਰਾਂ ਤੇ ਅਸਫਲਤਾਵਾਂ ਦਾ ਮੁਕਾਬਲਾ ਕਰਨ ਅਤੇ ਉਨ੍ਹਾਂ ਨੂੰ ਬਰਦਾਸ਼ਤ ਕਰਨ ਦੀ ਸ਼ਕਤੀ ਹੁੰਦੀ ਹੈ। ਉਸ ਵਿਚ ਸਵੈ-ਭਰੋਸਾ, ਸਵੈਨਿਰਭਰਤਾ ਤੇ ਚੜ੍ਹਦੀ ਕਲਾ ਦੀਆਂ ਭਾਵਨਾਵਾਂ ਹੁੰਦੀਆਂ ਹਨ।

ਉਹ ਆਪਣੇ ਆਪ ਨੂੰ ਸਮਝਦਾ ਹੈ ਅਤੇ ਉਸ ਨੂੰ ਆਪਣੀਆਂ ਕਮਜ਼ੋਰੀਆਂ ਤੇ ਤਾਕਤਾਂ ਦਾ ਪਤਾ ਹੁੰਦਾ ਹੈ। ਉਹ ਆਪਣੀ ਕਾਬਲੀਅਤ ਅਨੁਸਾਰ ਹੀ ਆਪਣੇ ਕੰਮਾਂ ਤੇ ਕਾਰਜਾਂ ਨੂੰ ਚੁਣਦਾ ਹੈ। ਉਹ ਆਪਣੇ ਵਿਵਹਾਰ ਵਿਚ ਲਚਕੀਲਾ ਹੁੰਦਾ ਹੈ ਅਤੇ ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ। ਮਾਨਸਿਕ ਤੌਰ 'ਤੇ ਅਰੋਗ ਵਿਅਕਤੀ ਦੀ ਜ਼ਿੰਦਗੀ ਦਾ ਫ਼ਲਸਫ਼ਾ ਠੀਕ ਹੁੰਦਾ ਹੈ, ਜਿਹੜਾ ਉਸ ਦੀਆਂ ਕਿਰਿਆਵਾਂ 'ਤੇ ਨਿਰਧਾਰਤ ਹੁੰਦਾ ਹੈ। ਉਹ ਆਪਣੀਆਂ ਅਸਫਲਤਾਵਾਂ 'ਤੇ ਪਛਤਾਉਂਦਾ ਨਹੀ ਅਤੇ ਨਾ ਹੀ ਕੋਈ ਚਿੰਤਾ ਕਰਦਾ ਹੈ। ਇਕ ਵਿਅਕਤੀ ਦੀ ਮਾਨਸਿਕ ਸਿਹਤ ਉਹ ਸਥਿਤੀ ਹੈ, ਜਿਹੜੀ ਉਸ ਦੀ ਸਰੀਰਕ, ਬੌਧਿਕ, ਮਾਨਸਿਕ, ਭਾਵਾਤਮਕ ਅਤੇ ਸਮਾਜਿਕ ਵਿਸ਼ੇਸ਼ਤਾਵਾਂ ਦਾ ਵਿਕਾਸ ਕਰਦੀ ਹੈ ਤਾਂ ਜੋ ਉਹ ਸਮਾਜ ਦੀ ਭਲਾਈ ਲਈ ਸਭ ਤੋਂ ਜ਼ਿਆਦਾ ਯੋਗਦਾਨ ਪਾ ਸਕੇ ਅਤੇ ਆਪਣੀ ਜ਼ਿੰਦਗੀ ਦੇ ਮੰਤਵ ਪੂਰੇ ਕਰ ਸਕੇ।

ਸਰੀਰਕ ਸਿਹਤ ਲਈ ਮਾਨਸਿਕ ਤੰਦਰੁਸਤੀ ਜ਼ਰੂਰੀ ਹੈ। ਦਰਅਸਲ ਮਾਨਸਿਕ ਸਿਹਤ ਹੀ ਇਕ ਵਿਅਕਤੀ ਦੀ ਚੰਗੀ ਸਰੀਰਕ ਸਿਹਤ ਦੇ ਵਿਕਾਸ ਕਰਨ ਵਿਚ ਸਹਾਇਤਾ ਕਰਦੀ ਹੈ। ਮਾਨਸਿਕ ਸਿਹਤ ਵਿਅਕਤੀ ਦੇ ਬੌਧਿਕ ਵਿਕਾਸ ਵਿਚ ਮੁੱਖ ਭੂਮਿਕਾ ਨਿਭਾਉਂਦੀ ਹੈ। ਮਾਨਸਿਕ ਸਿਹਤ ਤੇ ਭਾਵਾਤਮਕ ਵਿਕਾਸ ਵਿਚ ਗੂੜ੍ਹਾ ਸਬੰਧ ਹੈ ਕਿਉਂਕਿ ਮਾਨਸਿਕ ਤੌਰ 'ਤੇ ਤੰਦਰੁਸਤ ਵਿਅਕਤੀ ਹੀ ਭਾਵਾਤਮਕ ਪੱਖੋਂ ਪਰਪੱਕ ਹੁੰਦਾ ਹੈ। ਮਾਨਸਿਕ ਸਿਹਤ ਚੰਗੇ ਸਮਾਜਿਕ ਸਬੰਧਾਂ ਨੂੰ ਕਾਇਮ ਕਰਨ ਵਿਚ ਵਿਅਕਤੀ ਦੀ ਸਹਾਇਤਾ ਕਰਦੀ ਹੈ। ਇਹ ਸਿਹਤਮੰਦ ਸਮਾਜਿਕ ਵਿਕਾਸ ਤੇ ਸਮਾਜੀਕਰਨ ਵਿੱਚ ਵੀ ਮਦਦ ਕਰਦੀ ਹੈ।

ਇਸ ਲਈ ਵਿਅਕਤੀ ਦੀ ਸਰੀਰਕ ਬਿਮਾਰੀ ਦਾ ਇਲਾਜ ਕਰਨ ਵਾਲੇ ਡਾਕਟਰ ਲਈ ਆਪਣੇ ਮਰੀਜ ਦੀ ਮਾਨਸਿਕ ਸਿਹਤ ਦੀ ਵੀ ਘੋਖ ਪੜਤਾਲ ਕਰਨੀ ਜ਼ਰੂਰੀ ਹੈ।

❋ ❋ ❋ ❋ ❋

...ਸਫਾ 27 ਦੀ ਬਾਕੀ

ਹੋਏ। ਉਸ ਨੂੰ ਦਰਜਣਾ ਹੀ ਰਾਸ਼ਟਰੀ ਫਿਲਮੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਸਭ ਤੋਂ ਵੱਧ ਗਾਣੇ ਗਾਉਣ ਲਈ ਉਸ ਦਾ ਨਾਮ ਗਿੰਨੀਜ਼ ਬੁੱਕ ਆਫ਼ ਰਿਕਾਰਡਜ਼ ਵਿੱਚ ਵੀ ਦਰਜ ਹੋਇਆ। ਉਹ 1999 ਤੋਂ 2005 ਤੱਕ ਰਾਜ ਸਭਾ ਦੇ ਨਾਮੀਨੇਟਿਡ ਮੈਂਬਰ ਵੀ ਰਹੇ। 30 ਮਾਰਚ 2019 ਨੂੰ ਲਤਾ ਨੇ ਭਾਰਤੀ ਥਲ ਸੈਨਾ ਦੇ ਸਨਮਾਨ ਵਜੋਂ ਆਪਣਾ ਆਖਰੀ ਗਾਣਾ 'ਸੌਗੰਧ ਮੁਝੇ ਇਸ ਮਿੱਟੀ ਕੀ' ਰਿਕਾਰਡ ਕਰਵਾਇਆ।

ਜਦੋਂ ਕਦੇ ਵੀ ਭਾਰਤੀ ਸੰਗੀਤ ਦੀ ਗੱਲ ਚੱਲੇਗੀ ਤਾਂ ਲਤਾ ਮੰਗੇਸ਼ਕਰ ਦਾ ਜ਼ਿਕਰ ਸਭ ਤੋਂ ਮੋਹਰੀ ਹੋਵੇਗਾ। ਉਨ੍ਹਾਂ ਦੇ ਚਲੇ ਜਾਣ ਨਾਲ ਭਾਰਤੀ ਸੰਗੀਤ ਦਾ ਇੱਕ ਅਧਿਆਇ ਖਤਮ ਹੋ ਗਿਆ ਹੈ। ਉਨ੍ਹਾਂ ਦਾ ਜਾਦੂ ਭਾਰਤੀ ਸੰਗੀਤ ਦੇ ਖੇਤਰ ਵਿੱਚ ਲੋਕਾਂ ਦੇ ਸਿਰ ਚੜ੍ਹ ਕੇ ਬੋਲਿਆ। ਲਤਾ ਮੰਗੇਸ਼ਕਰ ਦੇ ਵਿਦਾ ਹੋਣ ਨਾਲ ਭਾਰਤੀ ਸੰਗੀਤ ਦੀ ਰੂਹ ਚਲੇ ਗਈ ਹੈ। ਸੰਗੀਤ ਦੀ ਦੁਨੀਆਂ ਦਾ ਇਹ ਘਾਟਾ ਕਦੇ ਪੂਰਾ ਹੋਣ ਵਾਲਾ ਨਹੀਂ।

# ਸੈਣੀ ਬਰਾਦਰੀ ਦਾ ਪ੍ਰਸਿੱਧ ਪਿੰਡ-ਭੱਕੂ ਮਾਜਰਾ

ਸ਼ਮਿੰਦਰ ਸਿੰਘ
ਭੱਕੂਮਾਜਰਾ (ਰੂਪਨਗਰ)



ਸੈਣੀ ਭਾਈਚਾਰੇ ਦੇ ਕੁੱਝ ਮੋਢੀ ਬਜ਼ੁਰਗਾਂ ਨੇ ਪੰਦਰਵੀਂ ਸਦੀ ਵਿੱਚ ਦਰਿਆ ਸਤਲੁਜ ਦੇ ਖੱਬੇ ਇਕ ਉੱਚੇ ਟਿੱਬੇ ਉੱਤੇ ਪਿੰਡ ਭੱਕੂ ਮਾਜਰਾ ਵਸਾਇਆ। ਇਥੋਂ ਦੇ ਵਸਨੀਕ ਸਨਾਤਨੀ ਸੰਸਕ੍ਰਿਤੀ ਨੂੰ ਪ੍ਰਣਾਏ ਹੋਏ, ਧਾਰਮਿਕ ਮਰਿਆਦਾਵਾਂ ਦੇ ਜਾਣਕਾਰ ਅਤੇ ਸਮਰਪਿਤ ਸਨ। ਕੁਰੂਕਸ਼ੇਤਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਗਿਆਨ ਚਰਚਾ ਕਰਨ ਵਾਲੇ ਹਿੰਦੂ ਵਿਦਵਾਨਾਂ ਦੇ ਮੁਖੀ ਭਾਈ ਨਾਨੂੰ ਜੀ ਇਸੇ ਪਿੰਡ ਦੇ ਵਸਨੀਕ ਸਨ। ਉਹ ਬਾਅਦ ਵਿੱਚ ਇਸ ਇਲਾਕੇ ਵਿੱਚ ਸਿੱਖ ਧਰਮ ਦੇ ਪ੍ਰਚਾਰਕ ਬਣੇ। ਇਸ ਮਹਾਨ ਧਰਮੀ ਪੁਰਖ ਦੀ ਔਲਾਦ ਬਾਅਦ ਵਿੱਚ 'ਨਨੂਆਂ' ਜਾਂ 'ਨਨੂੰਏ' ਅਖਵਾਏ। ਸੈਣੀ ਸਮਾਜ ਦੇ ਇਸ ਗੋਤ ਦੇ ਨਿਵੇਕਲੇ ਅਤੇ ਨਰੋਏ ਅੰਗ ਨੇ ਸਿੱਖ ਪੰਥ ਨੂੰ ਬਹੁਮੁੱਲੀ ਦੇਣ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਭਾਈ ਜਮਾਲਾ ਸਿੰਘ ਉਰਫ਼ ਜਮਾਲਾ ਨਨੂੰਆਂ ਜੀ ਵਲੋਂ ਸ੍ਰੀ ਆਨੰਦਪੁਰ ਸਾਹਿਬ ਤੋਂ ਸ੍ਰੀ ਚਮਕੌਰ ਸਾਹਿਬ ਦੀ ਜੰਗ ਤੀਕ ਨਿਭਾਈ ਬੇਮਿਸਾਲ ਸੇਵਾ ਸਾਡਾ ਮਾਣਮੱਤਾ ਇਤਿਹਾਸ ਹੈ। ਇਸ ਤੋਂ ਨਾਰਾਜ਼ ਹੋ ਕੇ ਸਮੇਂ ਦੇ ਹਾਕਮਾਂ ਨੇ ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਇਹ ਪਿੰਡ ਉਜਾੜ ਦਿੱਤਾ ਸੀ। ਪਰ ਪਿੰਡਵਾਸੀਆਂ ਨੇ ਹਾਰ ਮੰਨਣ ਦੀ ਥਾਂ ਦਰਿਆ ਦੇ ਝੱਲ ਅਤੇ ਫਲਾਹੀਆਂ ਦੇ ਝੁੰਡਾਂ ਨੂੰ ਹੀ ਆਪਣਾ ਘਰ ਬਣਾ ਲਿਆ। ਇਹ ਸਮਾਂ ਪਿੰਡਵਾਸੀਆਂ ਨੇ ਇਲਾਕੇ ਦੇ ਮੁਗਲਾਂ- ਪਠਾਣਾਂ ਨਾਲ ਲੜਦਿਆਂ ਗੁਜ਼ਾਰਿਆ। ਅਠਾਰਵੀਂ ਸਦੀ ਦੇ ਅੰਤਲੇ ਵਰ੍ਹਿਆਂ ਅਤੇ ਉਨ੍ਹੀਵੀਂ ਸਦੀ ਦੇ ਆਰੰਭ ਵਿੱਚ ਖਾਲਸਾ ਪੰਥ ਦੀ ਚੜ੍ਹਦੀ ਕਲਾ ਸਮੇਂ ਇਹ ਪਿੰਡ ਮੁੜ ਵਸਿਆ। ਪਿੰਡ ਵਿੱਚ ਤਿੰਨੋ ਜਗਾਹ ਮੌਜੂਦ ਜਠੇਰੇ-ਰੂਪੀ ਨਿਸ਼ਾਨ ਇਸ ਇਤਿਹਾਸ ਦੀ ਪ੍ਰਤੱਖ ਗਵਾਹੀ ਹਨ। ਪਿੰਡ ਦੀ ਸ਼ਾਨ ਸਮਝਦੇ ਹੋਏ ਵਾਸੀਆਂ ਨੇ ਬੋਹੜ ਅਤੇ ਪਿੱਪਲ ਦੇ ਅਨੇਕਾਂ ਦਰਖ਼ਤ ਲਗਾਏ। ਦੋ ਸਦੀਆਂ ਉਮਰ ਹੰਢਾ ਚੁਕਾ ਇਕ ਬੋਹੜ ਦਾ ਦਰਖਤ ਅੱਜ ਵੀ ਮੌਜੂਦ ਹੈ।

ਸ੍ਰੀ ਚਮਕੌਰ ਸਾਹਿਬ ਦੇ ਨਜ਼ਦੀਕ ਜ਼ਿਲ੍ਹਾ ਰੂਪਨਗਰ ਦਾ ਇਹ ਛੋਟਾ ਜਿਹਾ ਪਿੰਡ, ਨਹਿਰ ਸਰਹਿੰਦ ਦੇ ਖੱਬੇ ਪਾਸੇ ਰੂਪਨਗਰ-ਸ੍ਰੀ ਚਮਕੌਰ ਸਾਹਿਬ ਮਾਰਗ ਉੱਤੇ ਸਥਿਤ ਹੈ। ਇਸ ਸਮੇਂ ਪਿੰਡ ਭੱਕੂ ਮਾਜਰਾ ਸਿਰਫ 200-225 ਕੁ ਘਰਾਂ ਵਾਲਾ ਕਰੀਬ 1250 ਦੀ ਆਬਾਦੀ ਅਤੇ ਲਗਪਗ 850 ਵੋਟਾਂ ਵਾਲਾ ਹੈ। ਇਸ ਪਿੰਡ ਦਾ ਆਪਣਾ ਕੁਲ ਰਕਬਾ ਸਿਰਫ਼ ਤਿੰਨ ਸੌ ਵਿਘੇ ਹੈ। ਪਿੰਡ ਵਿੱਚ ਮੁੱਖ ਤੌਰ ਉੱਤੇ ਸੈਣੀ ਭਾਈਚਾਰੇ ਤੋਂ ਇਲਾਵਾ ਸੁਨਿਆਰੇ, ਬ੍ਰਾਹਮਣ, ਰਾਮਦਾਸੀਏ, ਮਜ਼੍ਹਬੀ ਸਿੱਖ, ਰਾਮਗੜ੍ਹੀਏ ਸਿੱਖ, ਲੁਹਾਰ, ਛੀਂਬੇ, ਪੀਂਜੇ, ਮਰਾਸੀ ਭਾਈਚਾਰਿਆਂ ਦੀ ਵਸੋਂ ਵੀ ਹੈ। ਸੈਣੀ ਭਾਈਚਾਰੇ ਵਿੱਚ ਨਨੂੰਆਂ, ਚੇਪੜ੍ਹ, ਲਾਂਬਾ, ਲੌਂਗੀਆ, ਗਿਰਨ, ਪੈਂਤਲੀਆ, ਕਾਬੜਵਾਲ ਅਤੇ ਬਣਵੈਤ ਗੋਤ ਦੇ ਪ੍ਰੀਵਾਰ ਹਨ। ਇਸ ਸਮੇਂ ਸ. ਅਜਮੇਰ ਸਿੰਘ ਨਨੂੰਆਂ ਪਿੰਡ ਦੇ ਸਰਪੰਚ ਹਨ।

ਪਿੰਡ ਭੱਕੂ ਮਾਜਰਾ ਵਡਮੁੱਲੀ ਵਿਰਾਸਤ ਦਾ ਲਖਾਇਕ ਹੈ। ਇਸ ਪਿੰਡ ਦੇ ਵਸਨੀਕ ਮੋਢੀ ਪ੍ਰਚਾਰਕ ਬਾਬਾ ਨਾਨੂੰ ਜੀ, ਸ਼੍ਰੋਮਣੀ ਭਗਤ ਭਾਈ ਜਮਾਲਾ ਨਨੂੰਆਂ ਜੀ, ਦਰਬਾਰੀ ਕਵੀ, ਹਜ਼ੂਰੀ ਸੇਵਕ, ਸੈਨਿਕ ਸਲਾਹਕਾਰ ਦੀ ਸੇਵਾ ਨਿਭਾਉਂਦੇ ਰਹੇ। ਭਾਈ ਜਮਾਲਾ ਸਿੰਘ ਨਨੂੰਆਂ ਸ੍ਰੀ ਚਮਕੌਰ ਸਾਹਿਬ ਅਤੇ ਉਨ੍ਹਾਂ ਦੇ ਸਪੁੱਤਰ ਦਰਬਾਰਾ ਸਿੰਘ ਤੇ ਘਰਬਾਰਾ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਸ਼ਹਾਦਤਾਂ ਨੂੰ ਪ੍ਰਾਪਤ ਹੋਏ। ਇਸ ਪਿੰਡ ਦੇ ਵਿਰਸੇ ਨੂੰ ਪਾਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਉਸ ਸਮੇਂ ਦੇ ਕੌਮੀ ਪ੍ਰਧਾਨ ਸ਼ਹੀਦ ਬਾਬੂ ਲਾਭ ਸਿੰਘ ਜੀ (ਲਸਾੜਾ ਵਾਲੇ) ਸੰਨ 1947 ਈ ਵਿੱਚ ਆਪਸੀ ਭਾਈਚਾਰੇ ਲਈ ਸ਼ਹੀਦ ਹੋਏ, ਇੰਸਪੈਕਟਰ ਪਿਆਰਾ ਸਿੰਘ ਜੀ ਨੇ ਆਜ਼ਾਦ ਹਿੰਦ ਫੌਜ ਰਾਹੀਂ ਸੰਘਰਸ਼ ਕੀਤਾ, ਬਾਬਾ ਦਲੀਪ ਸਿੰਘ ਜੀ ਨੇ ਜੈਤੋ ਦੇ ਮੋਰਚੇ ਅਤੇ ਬਾਬਾ ਨੱਥਾ ਸਿੰਘ ਨਨੂੰਆਂ ਨੇ ਪੰਜਾਬੀ ਸੂਬਾ ਮੋਰਚੇ ਵਿੱਚ ਬਹੁਮੁੱਲਾ ਯੋਗਦਾਨ ਪਾਇਆ। ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਦੇ ਖਾੜਕੂ ਸਿੱਖ ਸੰਘਰਸ਼ ਵਿੱਚ ਵੀ ਪਿੰਡ ਦਾ ਨਿਵੇਕਲਾ ਯੋਗਦਾਨ ਰਿਹਾ ਹੈ। ਦੂਜੇ ਸੰਸਾਰ ਯੁੱਧ ਦੌਰਾਨ ਇਸ ਪਿੰਡ ਦੇ ਵਸਨੀਕ ਹੌਲਦਾਰ ਪਾਲਾ ਸਿੰਘ ਅਤੇ ਰੌਣਕ ਸਿੰਘ ਨੇ ਸੈਨਿਕ ਸੇਵਾਵਾਂ ਦੌਰਾਨ ਜਾਪਾਨ ਅਤੇ ਜਰਮਨੀ ਦੀਆਂ ਜੇਲ੍ਹਾਂ ਦੇ ਤਸੀਹੇ ਝੱਲੇ। ਅੰਗਰੇਜ਼ੀ ਅਤੇ ਪਟਿਆਲਾ ਰਿਆਸਤ ਦੀਆਂ ਫੌਜਾਂ ਵਿੱਚ ਅਨੇਕਾਂ ਸੂਰਮਿਆਂ ਨੇ ਯੋਗਦਾਨ ਪਾਇਆ।



ਇਸ ਪਿੰਡ ਦੇ ਵਸਨੀਕ ਸ.ਹਰਚੰਦ ਸਿੰਘ ਲਾਂਬਾ ਭਾਰਤੀ ਹਵਾਈ ਫ਼ੌਜ ਵਿੱਚ ਏਅਰ ਮਾਰਸ਼ਲ ਦੇ ਅਹੁਦੇ ਉਤੇ, ਸ ਭੁਪਿੰਦਰ ਸਿੰਘ ਨਨੂੰਆਂ ਅਤੇ ਸ ਇੰਦਰਵੀਰ ਸਿੰਘ ਨਨੂੰਆਂ ਦੋਨੋਂ ਭਾਰਤੀ ਥਲ ਸੈਨਾ ਵਿੱਚ ਕਰਨਲ ਵਜੋਂ ਸੇਵਾ ਨਿਭਾਉਂਦੇ ਰਹੇ। ਆਜ਼ਾਦ ਭਾਰਤ ਵਿੱਚ ਸਾਂਝੇ ਪੰਜਾਬ ਦੇ ਪਹਿਲੇ ਚੀਫ਼ ਫਾਇਰ ਅਫ਼ਸਰ ਬਣਨ ਦਾ ਸੁਭਾਗ ਇਸ ਪਿੰਡ ਦੇ ਵਸਨੀਕ ਸ ਜੋਗਿੰਦਰ ਸਿੰਘ ਨਨੂੰਆਂ ਨੂੰ ਪ੍ਰਾਪਤ ਹੋਇਆ। ਉਨ੍ਹਾਂ ਦੇ ਸਪੁੱਤਰ ਸੰਤੋਖ ਸਿੰਘ ਨਨੂੰਆਂ ਉਪ ਸਕੱਤਰ ਪੰਜਾਬ ਸਰਕਾਰ ਵਜੋਂ ਸੇਵਾ ਮੁਕਤ ਹੋਏ, ਸ.ਰਣ ਸਿੰਘ ਐਕਸਾਈਜ਼ ਟੈਕਸੇਸ਼ਨ ਵਿਭਾਗ ਪੰਜਾਬ ਦੇ ਕਮਿਸ਼ਨਰ ਅਤੇ ਸ ਕੁਲਦੀਪ

ਸਿੰਘ ਨਨੂੰਆਂ ਸੁਪਰਡੈਂਟ ਇੰਜੀਨੀਅਰ ਓਐਨਜੀਸੀ ਬਣੇ। ਇਸ ਸਮੇਂ ਸ. ਤੇਜਪਾਲ ਸਿੰਘ ਪੰਚਾਇਤੀ ਰਾਜ ਵਿਭਾਗ ਪੰਜਾਬ ਦੇ ਚੀਫ਼ ਇੰਜੀਨੀਅਰ ਵਜੋਂ ਅਤੇ ਸ੍ਰੀ ਹਰੀ ਨਰਾਇਣ ਵਰਮਾ ਮੁੱਖ ਪ੍ਰਬੰਧਕ ਉਦਯੋਗ ਵਿਭਾਗ ਵਜੋਂ ਸੇਵਾ ਕਰ ਰਹੇ ਹਨ।

ਪਿੰਡ ਦੀ ਖੇਤੀਬਾੜੀ ਵਾਲੀ ਜ਼ਮੀਨ ਘਟ ਹੋਣ ਕਾਰਨ ਇਕ ਦਰਜਨ ਤੋਂ ਵੀ ਘੱਟ ਪਰਿਵਾਰ ਸਿਰਫ਼ ਖੇਤੀਬਾੜੀ ਉਤੇ ਨਿਰਭਰ ਹਨ। ਬਹੁਤੇ ਪੰਜਾਬ ਦੇ ਹੋਰਨਾਂ ਹਿੱਸਿਆਂ ਵਿੱਚ ਜਾਂ ਹਰਿਆਣਾ ਵਿੱਚ ਜ਼ਮੀਨ ਖਰੀਦ ਕੇ ਖੇਤੀ ਕਰ ਰਹੇ ਹਨ। ਪੌਪਲਰ ਪਨੀਰੀ ਦੇ ਖੇਤਰ ਵਿੱਚ ਗੁਰਦੀਪ ਸਿੰਘ ਰਾਜੀ, ਇੰਦਰਜੀਤ ਸਿੰਘ ਇੰਜੀਨੀਅਰ, ਕੁਲਜੀਤ ਸਿੰਘ ਕੁੱਕੀ, ਦਵਿੰਦਰ ਸਿੰਘ ਜੇਈ, ਤੇਜਪਾਲ ਸਿੰਘ ਠੇਕੇਦਾਰ ਅਤੇ ਜਸਪਾਲ ਸਿੰਘ ਲਾਂਬਾ ਵਰਣਨਯੋਗ ਹਨ। ਪਿੰਡ ਦੇ ਬਹੁਤੇ ਵਸਨੀਕ ਟਰਾਂਸਪੋਰਟ ਦੇ ਧੰਦੇ ਵਿੱਚ ਆਪਣੀ ਰੋਜੀ ਰੋਟੀ ਕਮਾਉਂਦੇ ਹਨ ਜਿਨ੍ਹਾਂ ਵਿੱਚ ਸਵ.ਸ. ਲਾਭ ਸਿੰਘ ਕੋਲਕਾਤਾ, ਸਵ. ਰਾਜਿੰਦਰ ਸਿੰਘ ਨਨੂੰਆਂ ਗੁਹਾਟੀ, ਹਰਜੀਤ ਸਿੰਘ ਕੋਲਕਾਤਾ, ਗੁਰਦਰਸ਼ਨ ਸਿੰਘ ਨਨੂੰਆਂ ਟਰੈਵਲ ਮੋਹਾਲੀ, ਅਵਤਾਰ ਸਿੰਘ ਚੇਪੜੂ ਇੰਦੌਰ ਸ਼ਾਮਿਲ ਹਨ। ਇੰਦੌਰ ਵਿਚ ਸਵ. ਪ੍ਰਮੇਸ਼ਰਾ ਸਿੰਘ ਭਾਰਤ ਦੇ ਮੁੱਖ ਲੱਕੜ ਵਪਾਰੀ ਰਹੇ ਹਨ। ਇੱਟ ਭੱਠਾ ਉਦਯੋਗ ਵਿੱਚ ਸਵ. ਕਰਮ ਸਿੰਘ ਠੇਕੇਦਾਰ, ਇੰਜ. ਅਮਰੀਕ ਸਿੰਘ, ਸਵ. ਰਾਜਿੰਦਰ ਸਿੰਘ ਆਦਿ ਕਈ ਪਰਿਵਾਰ ਸਫ਼ਲ ਹੋਏ ਹਨ। ਮਾਸਟਰ ਜਸਵੰਤ ਰਾਏ ਵਰਮਾ ਉਘੇ ਨਿਰਮਾਣ ਕਾਰੋਬਾਰੀ, ਗਿ. ਉਜਾਗਰ ਸਿੰਘ ਨਨੂੰਆਂ ਵਿਤ ਕਾਰੋਬਾਰੀ, ਹਰਪਾਲ ਸਿੰਘ ਪਾਲ (ਮਹਿਰਾ ਭਾਈ ਚਾਰਾ) ਸਫ਼ਲ ਕ੍ਰੇਨ ਉਦਯੋਗਪਤੀ ਹਨ।

ਸੰਨ 1912 ਵਿੱਚ ਇੱਥੇ ਪ੍ਰਾਇਮਰੀ ਸਕੂਲ ਸਥਾਪਿਤ ਹੋਇਆ ਜੋ ਹੁਣ ਸੀਨੀਅਰ ਸੈਕੰਡਰੀ ਸਕੂਲ ਵਜੋਂ ਅਪਗ੍ਰੇਡ ਹੋਇਆ ਜੋ ਅੱਜ ਇਲਾਕੇ ਦੇ ਅੱਠ ਪਿੰਡਾਂ ਦੇ ਗਰੀਬ ਅਤੇ ਹੋਣਹਾਰ ਬੱਚਿਆਂ ਨੂੰ ਸਿੱਖਿਆ ਨਾਲ ਰੁਸ਼ਨਾ ਰਿਹਾ ਹੈ। ਇਸ ਪਿੰਡ ਦੇ ਦਰਜਨਾਂ ਅਧਿਆਪਕਾਂ ਨੇ ਵਿੱਦਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਇਸ ਪਿੰਡ ਦੇ ਸਵ ਹਕੀਮ ਸੰਤਾ ਸਿੰਘ ਚੇਪੜੂ ਭੱਕੂ ਮਾਜਰਾ ਵਿੱਚ ਕਰੀਬ 60 ਸਾਲ ਰੋਗੀਆਂ ਦਾ ਇਲਾਜ ਕਰਦੇ ਰਹੇ। ਉਹਨਾਂ ਦੇ ਸਪੁੱਤਰ ਹਕੀਮ ਅਜੀਤ ਸਿੰਘ ਪਿਛਲੇ ਕਰੀਬ ਪੰਜ ਦਹਾਕਿਆਂ ਤੋਂ ਇਹ ਸੇਵਾ ਕਰ ਰਹੇ ਹਨ। ਭਾਰਤੀ ਫੌਜ ਤੋਂ ਸੇਵਾ ਮੁਕਤ ਹੋ ਕੇ ਸਵ. ਡਾ ਸ਼ਿਆਮ ਸਿੰਘ ਕਈ ਦਹਾਕੇ ਇਹ ਸੇਵਾ ਕਰਦੇ ਰਹੇ। ਅੱਜ ਕੱਲ ਡਾ ਜਗਜੀਤ ਸਿੰਘ ਨਨੂੰਆਂ ਅਤੇ ਐਮ. ਐਸ. ਸੈਣੀ ਜੀ ਇਲਾਕੇ ਦੇ ਰੋਗੀਆਂ ਦੀ ਪਿੰਡ ਅਤੇ ਰੋਪੜ ਵਿਖੇ ਸੇਵਾ ਸੰਭਾਲ ਕਰਦੇ ਹਨ। ਪਿੰਡ ਵਿੱਚ ਪੰਜਾਬ ਸਰਕਾਰ ਦਾ ਸਿਹਤ ਉਪ ਕੇਂਦਰ ਵੀ ਲੋੜੀਂਦੀਆਂ ਸਿਹਤ ਸਹੂਲਤਾਂ ਦੇ ਰਿਹਾ ਹੈ।

ਇਸ ਪਿੰਡ ਦੇ ਦਇਆ ਸਿੰਘ ਗਿਰਨ, ਵਰਿਆਮ ਸਿੰਘ ਲਾਂਬਾ, ਬੱਚਨ ਸਿੰਘ ਕੂਕਾ, ਭਾਈ ਜੀ ਈਸ਼ਰ ਸਿੰਘ ਅਤੇ ਗਿ. ਕਰੋੜਾ ਸਿੰਘ ਜੀ ਨੇ ਪਿੰਡ ਦੀ ਪ੍ਰਸਿੱਧੀ ਵਧਾਉਣ ਵਿਚ ਵਡੇਰਾ ਯੋਗਦਾਨ ਪਾਇਆ। ਅੰਗਰੇਜ਼ੀ ਰਾਜ ਦੀ ਸਥਾਪਨਾ ਦੌਰਾਨ ਆਈ ਧਾਰਮਿਕ ਗਿਰਾਵਟ ਨੂੰ ਭਾਂਪਦਿਆਂ ਸਿੰਘ ਸਭਾ ਲਹਿਰ ਦੌਰਾਨ ਸੰਨ 1900 ਈ. ਵਿੱਚ ਪਿੰਡ ਵਿੱਚ ਸਭ ਜਾਤਾਂ ਨੇ ਭਾਈਚਾਰਿਆਂ ਦਾ ਸਾਂਝਾ ਗੁਰਦਵਾਰਾ ਸਾਹਿਬ ਬਣਾਇਆ ਗਿਆ। ਇਹ ਅਜ ਵੀ ਸਭਨਾਂ ਦਾ ਸਾਂਝਾ ਅਤੇ ਇੱਕੋ ਇੱਕ ਹੈ। ਸਦਭਾਵਨਾ ਪਿਆਰ ਅਤੇ ਧਰਮ ਪਰਚਾਰ ਲਈ ਸਵ ਸ ਰਣ ਸਿੰਘ, ਕੈਪਟਨ ਹਰਚਰਨ ਸਿੰਘ, ਸੂਬੇਦਾਰ ਹਰਨਾਮ ਸਿੰਘ, ਠੇਕੇਦਾਰ ਕਰਮ ਸਿੰਘ ਅਤੇ ਰਿਟਾ ਸਰਕਲ ਸੁਪਰਡੈਂਟ ਸ ਕਾਬਲ ਸਿੰਘ ਦੀ ਪ੍ਰੇਰਨਾ ਨਾਲ ਕੀਰਤਨ ਸਮਾਗਮਾਂ ਦੀ ਸੰਨ 1985 ਵਿੱਚ ਆਰੰਭ ਕੀਤੀ ਲੜੀ ਹੁਣ ਵੀ ਲਗਾਤਾਰ ਜਾਰੀ ਹੈ। ਪੰਜਾਬ ਦਾ ਸਭ ਤੋਂ ਪਹਿਲਾ ਖ਼ੂਨਦਾਨ ਕੈਂਪ 1995 ਵਿੱਚ ਨੌਜਵਾਨ ਸਿੰਘ ਸਭਾ ਭੱਕੂ ਮਾਜਰਾ ਨੇ ਲਗਾਇਆ। ਇਸ ਲੜੀ ਅਧੀਨ ਨੌਜਵਾਨ ਸਿੰਘ ਸਭਾ, ਦਸ਼ਮੇਸ਼ ਯੂਥ ਵੈਲਫੇਅਰ ਕਲੱਬ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵਲੋਂ ਕੈਂਪ ਲਗਾ ਕੇ ਹੁਣ ਤੀਕਰ ਹਜ਼ਾਰਾਂ ਯੂਨਿਟ ਖ਼ੂਨ ਇਕੱਤਰ ਕੀਤਾ ਗਿਆ ਹੈ। ਸੰਨ 1968 ਈ ਵਿੱਚ ਪਿੰਡ ਭੱਕੂ ਮਾਜਰਾ ਨੇ ਪੰਜਾਬ ਦਾ ਤੀਜਾ ਸਭ ਤੋਂ ਵਧੇਰੇ ਸਾਫ਼ ਸੁਥਰਾ ਪਿੰਡ ਹੋਣ ਦਾ ਮਾਣ ਪ੍ਰਾਪਤ ਕੀਤਾ ਸੀ। ਸਿੰਘ ਸਭਾ ਲਹਿਰ ਦੇ ਮੋਢੀ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੀ ਯਾਦ ਵਿੱਚ ਇੱਥੇ ਲਾਇਬਰੇਰੀ ਸਥਾਪਤ ਕੀਤੀ ਗਈ ਹੈ ਜਿਸ ਵਿੱਚ 2500 ਪੁਸਤਕਾਂ ਹਨ। ਗੁਰਦਵਾਰਾ ਸੁਧਾਰ ਲਹਿਰ ਦੇ ਮਹਾਨ ਯੋਧੇ ਬਾਬਾ ਦਲੀਪ ਸਿੰਘ ਜੀ ਦੀ ਯਾਦ ਵਿੱਚ ਇਕ 'ਬਹੁਮੰਤਵੀ ਹਾਲ' ਉਨ੍ਹਾਂ ਦੇ ਵਾਰਸਾਂ ਦੀ ਪਹਿਲ ਕਦਮੀ ਨਾਲ ਉਸਾਰਿਆ ਗਿਆ ਹੈ।

ਪਿੰਡ ਵਿੱਚ ਸ. ਸ਼ਮਿੰਦਰ ਸਿੰਘ ਪ੍ਰਧਾਨ ਅਤੇ ਕੁਲਵੰਤ ਸਿੰਘ ਮੈਂਬਰ ਸਕੱਤਰ ਦੀ ਅਗਵਾਈ ਵਿੱਚ 'ਭੱਕੂ ਮਾਜਰਾ ਓਲਡ ਸਟੂਡੈਂਟਸ ਐਸੋਸੀਏਸ਼ਨ' ਬਣਾਈ ਗਈ ਹੈ ਜਿਸ ਵੱਲੋਂ ਸ੍ਰੀ ਯੱਸ਼ ਆਹਲੂਵਾਲੀਆ ਜੀ ਜਸਟਿਸ ਆਫ਼ ਪੀਸ ਯੂਕੇ, ਸਵ. ਦੀਦਾਰ ਸਿੰਘ ਅਤੇ ਠੇਕੇਦਾਰ ਕਰਮ ਸਿੰਘ ਦੇ ਪ੍ਰੀਵਾਰਾਂ ਦੇ ਸਹਿਯੋਗ ਨਾਲ ਸਕੂਲ ਦੇ ਬਾਰਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਲਈ ਯਾਦਗਾਰੀ ਸਨਮਾਨ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਭਾਈ ਈਸ਼ਰ ਸਿੰਘ ਵੈਲਫੇਅਰ ਸੁਸਾਇਟੀ ਵਲੋਂ ਪੰਜਵੀਂ, ਅੱਠਵੀਂ ਅਤੇ ਦਸਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਪਿੰਡ ਵਿੱਚ ਪੰਥਕ ਸੋਚ ਨੂੰ ਸਮਰਪਿਤ ਮਾਤਾ ਸਾਹਿਬ ਕੌਰ ਮਹਿਲਾ ਮੰਡਲ ਬਣਾਇਆ ਗਿਆ ਹੈ। ਪਿੰਡ ਦੇ ਬਜ਼ੁਰਗਾਂ ਦੀ ਸਹਾਇਤਾ ਅਤੇ ਮਾਰਗਦਰਸ਼ਨ ਲਈ ਪਿੰਡ ਅੰਦਰ ਸੁਰਜਣ ਸਿੰਘ ਜੀ ਦੀ ਪ੍ਰਧਾਨਗੀ ਹੇਠ ਸੀਨੀਅਰ ਸਿਟੀਜਨ ਕੌਂਸਲ ਸਥਾਪਤ ਕੀਤੀ ਹੋਈ ਹੈ।

ਬਾਕੀ ਸਫ਼ਾ 34 'ਤੇ......

# ਜਾਨ ਦਾ ਖੌਅ - ਗੈਰਮਿਆਰੀ ਵਾਤਾਵਰਣ

ਜਸਵੰਤ ਸਿੰਘ ਸੈਣੀ
ਰੂਪਨਗਰ



ਖੁਸ਼ੀ ਖੁਸ਼ੀ ਜੀਵਨ ਜੀਣਾ ਹਰ ਬੰਦੇ ਦੀ ਤਾਂਘ ਹੁੰਦੀ ਹੈ। ਜੀਵਿਤ ਪ੍ਰਾਣੀ ਨੂੰ ਆਪਣੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਖੁਸ਼ਗਵਾਰੀਆਂ ਦੇ ਨਾਲ ਨਾਲ ਕਈ ਪ੍ਰਕਾਰ ਦੀਆਂ ਦੁਸ਼ਵਾਰੀਆਂ ਵੀ ਦਰਪੇਸ਼ ਹੁੰਦੀਆਂ ਹਨ। ਮਨੁੱਖ ਨੂੰ ਆਪਣੀ ਜੀਵਨ ਯਾਤਰਾ ਪੂਰੀ ਕਰਨ ਲਈ ਕਈ ਪ੍ਰਕਾਰ ਦੀਆਂ ਅਣਕਿਆਸੀਆਂ ਆਫ਼ਤਾਂ ਜਾਂ ਤ੍ਰਾਸਦੀਆਂ ਦਾ ਮੁਕਾਬਲਾ ਵੀ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚੋਂ ਕੁੱਝ ਤਾਂ ਕੁਦਰਤੀ ਕਰੋਪੀ ਦੀ ਦੇਣ ਹਨ ਜਦੋਂਕਿ ਬਹੁਤੀਆਂ ਆਫ਼ਤਾਂ ਮਨੁੱਖ ਦੀਆਂ ਖੁਦ ਦੀਆਂ ਸਹੇੜੀਆਂ ਹੋਈਆਂ ਹੁੰਦੀਆਂ ਹਨ ।

ਭੂਚਾਲ, ਹੜ੍ਹ, ਸੁਨਾਮੀ ਦਾ ਆਉਣਾ, ਅਸਮਾਨੀ ਬਿਜਲੀ ਦਾ ਗਿਰਨਾ, ਬੱਦਲਾਂ ਦਾ ਫੱਟਣਾ, ਜ਼ਮੀਨੀ ਟੁਕੜੇ ਦਾ ਖਿਸਕਣਾ, ਵੱਡੀ ਪੱਧਰ ਤੇ ਅੱਗਾਂ ਲੱਗਣੀਆਂ, ਕਿਸੇ ਜਾਨ ਲੇਵਾ ਮਹਾਮਾਰੀ ਦਾ ਫੈਲਣਾ ਆਦਿ ਕੁਦਰਤੀ ਆਫ਼ਤਾਂ ਹਨ। ਬਹੁਤੀ ਵੇਰ ਕੁਦਰਤੀ ਆਫਤਾਂ ਦੇ ਵਾਪਰਨ ਦੇ ਕਾਰਣ ਵੀ ਮਨੁੱਖਾਂ ਵੱਲੋਂ ਕੁਦਰਤ ਨਾਲ ਕੀਤੀ ਛੇੜਛਾੜ ਹੀ ਹੁੰਦੇ ਹਨ। ਕੁਦਰਤੀ ਕਰੋਪੀ ਅੱਗੇ ਮਨੁੱਖ ਬੇਬਸ ਹੋ ਜਾਂਦਾ ਹੈ ਅਤੇ ਬਹੁਤੀ ਵੇਰ ਉਹ ਆਪਣੇ ਆਪ ਨੂੰ ਬਚਾ ਸਕਣ ਦੇ ਵੀ ਅਸਮਰਥ ਹੋ ਜਾਂਦਾ ਹੈ। ਕੁਦਰਤੀ ਆਫਤ ਦੇ ਆਉਣ 'ਤੇ ਜਾਨ-ਮਾਲ ਦਾ ਬੇਸ਼ੁਮਾਰ ਨੁਕਸਾਨ ਹੁੰਦਾ ਹੈ। ਕੁਦਰਤੀ ਆਫਤਾਂ ਦਾ ਕਦੇ ਕਦਾਈਂ ਆਉਣਾ ਪ੍ਰਕ੍ਰਿਤੀ ਦੀ ਖੇਡ ਦਾ ਇੱਕ ਹਿੱਸਾ ਹੈ ਜਿਸ ਨੂੰ ਟਾਲਣਾ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ। ਪ੍ਰਦੂਸ਼ਿਤ ਵਾਤਾਵਰਣ ਉਨ੍ਹਾਂ ਵਿੱਚੋਂ ਇੱਕ ਹੈ। ਕੁਦਰਤ ਵਾਤਾਵਰਣ ਨੂੰ ਪ੍ਰਦੂਸ਼ਿਤ ਨਹੀਂ ਕਰਦੀ। ਇਸ ਦਾ ਮਲੀਨ ਤੇ ਪੁਨੀਤ ਹੋਣਾ ਧਰਤੀ 'ਤੇ ਰਹਿਣ ਵਾਲੇ ਜੀਆਂ ਦੇ ਗਲਤ ਤੌਰ ਤਰੀਕਿਆਂ ਕਰਕੇ ਹੁੰਦਾ ਹੈ। ਪ੍ਰਦੂਸ਼ਨ ਰਾਹੀਂ ਜ਼ਹਿਰੀਲੇ ਅੰਸ਼ ਆਬੋਹਵਾ ਵਿੱਚ ਵਧ ਜਾਂਦੇ ਹਨ ਅਤੇ ਉਸ ਵਿੱਚ ਪ੍ਰਾਣੀਆਂ ਦੇ ਸਾਹ ਲੈਣ ਨਾਲ ਉਨ੍ਹਾਂ ਦਾ ਜ਼ਿਆਦਾ ਦੇਰ ਤੱਕ ਜੀਵਿਤ ਰਹਿਣਾ ਮੁਮਕਿਨ ਨਹੀਂ ਰਹਿੰਦਾ। ਗੰਧਲੀ ਹਵਾ ਜੀਅ-ਜੰਤੂਆਂ ਦੀ ਜਾਨ ਦਾ ਖੌਅ ਬਣ ਜਾਂਦੀ ਹੈ। ਇਹ ਆਫ਼ਤ ਕੁਦਰਤ ਵੱਲੋਂ ਪੈਦਾ ਕੀਤੀ ਆਫ਼ਤ ਨਹੀਂ ਹੈ ਸਗੋਂ ਇਹ ਤਾਂ ਸਿੱਧੇ ਜਾਂ ਅਸਿੱਧੇ ਧਰਤੀ 'ਤੇ ਰਹਿਣ ਵਾਲੇ ਜੀਆਂ ਦੇ ਜਾਣੇ ਜਾਂ ਅਣਜਾਣੇ ਵਿੱਚ ਕੀਤੇ ਵਿਕਾਰਾਂਭਰੇ ਜੀਵਨ ਢੰਗ ਕਰਕੇ ਹੀ ਪੈਦਾ ਹੁੰਦੀ ਹੈ ।

ਹਵਾ ਦੇ ਗੁਣਾਤਮਕ ਪੱਖ ਵਿੱਚ ਨਿਘਾਰ ਆਉਣ ਦਾ ਵੱਡਾ ਕਾਰਣ ਮਨੁੱਖ ਜਾਤੀ ਵਲੋਂ ਅਪਣਾਏ ਜਾ ਰਹੇ ਗੈਰਪ੍ਰਕ੍ਰਿਤਿਕ ਜੀਵਨ ਢੰਗ ਹਨ। ਸੋ ਪ੍ਰਦੂਸ਼ਿਤ ਵਾਤਾਵਰਣ ਲਈ ਅਜੋਕੇ ਯੁੱਗ ਦੇ ਲੋਕਾਂ ਦੀ ਜੀਵਨ ਸ਼ੈਲੀ ਹੀ ਦੋਸ਼ੀ ਹੈ। ਮਨੁੱਖ ਜਾਤੀ ਵਲੋਂ ਰੋਜ਼ਗਾਰ ਦੇ ਅਜਿਹੇ ਵਸੀਲੇ ਅਪਣਾਏ ਜਾ ਰਹੇ ਹਨ ਜਿਹੜੇ ਕਿ ਮਿੱਟੀ, ਪਾਣੀ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਹੋਣ ਦੇ ਕਾਰਣ ਬਣਦੇ ਹਨ। ਤਰੱਕੀ ਅਤੇ ਆਧੁਨੀਕਰਣ ਦੇ ਨਾਂ 'ਤੇ ਫੈਕਟਰੀਆਂ ਅਤੇ ਉਦਯੋਗਿਕ ਧੰਦਿਆਂ ਦਾ ਅਜਿਹਾ ਪਸਾਰਾ ਹੋਇਆ ਹੈ ਜਿਨ੍ਹਾਂ ਰਾਹੀਂ ਨਿੱਤਾਪ੍ਰਤੀ ਮਣਾਂ ਮੂੰਹੀਂ ਦੂਸ਼ਿਤ ਤਰਲ ਪਦਾਰਥ ਅਤੇ ਗੰਦਾ ਕਚਰਾ ਪੈਦਾ ਹੁੰਦਾ ਰਹਿੰਦਾ ਹੈ। ਆਵਾਜਾਈ ਅਤੇ ਕਾਰੋਬਾਰੀ ਸਿਲਸਿਲੇ ਵਿੱਚ ਬੇਸ਼ੁਮਾਰ ਵਾਹਨਾਂ ਦੇ ਇਸਤੇਮਾਲ ਤੋਂ ਛੱਡੀ ਗੰਦੀ ਗੈਸ ਵਾਤਾਵਰਣ ਨੂੰ ਬਹੁਤ ਗੰਧਲਾ ਕਰਦੀ ਹੈ। ਖੇਤੀ ਬਾੜੀ ਵਿੱਚ ਵਰਤੀਆਂ ਜਾਣ ਵਾਲੀਆਂ ਰਸਾਇਣਾਂ ਵੀ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿੱਚ ਹਿੱਸੇਦਾਰ ਬਣਦੀਆਂ ਹਨ। ਪਦਾਰਥਾਂ ਦੀ ਦੌੜ ਵਿੱਚ ਬੰਦਾ ਐਨਾ ਜ਼ਿਆਦਾ ਖੁਭ ਗਿਆ ਹੈ ਕਿ ਉਸ ਨੂੰ ਖੁਦ ਨੂੰ ਜ਼ਿੰਦਾ ਰਹਿਣ ਲਈ ਆਪਣੀ ਬੁਨਿਆਦੀ ਜ਼ਰੂਰਤ ਸ਼ੁੱਧ ਹਵਾ ਦੇ ਜ਼ਹਿਰੀਲਾ ਹੋਣ ਵਿੱਚ ਕੁੱਝ ਵੀ ਮਾੜਾ ਨਹੀਂ ਲਗਦਾ ।

ਜ਼ਿੰਦਾ ਪ੍ਰਾਣੀ ਦੀ ਸਭ ਤੋਂ ਪਹਿਲੀ ਅਤੇ ਵੱਡੀ ਲੋੜ ਆਕਸੀਜਨਭਰਪੂਰ ਸ਼ੁੱਧ ਹਵਾ ਹੈ। ਹਵਾ ਵਿੱਚ ਸਾਹ ਲੈਣ ਨਾਲ ਹੀ ਜ਼ਿੰਦਗੀ ਚਲਦੀ ਹੈ। ਸਾਹ ਲੈਣਾ ਬੰਦ ਤਾਂ ਜੀਣ ਦੇ ਸਾਰੇ ਰਸਤੇ ਬੰਦ। ਦੁਨੀਆ ਦੀ ਕਿਸੇ ਵੀ ਹੋਰ ਚੀਜ਼ ਬਗੈਰ ਜੀਵਨ ਕੁੱਝ ਸਮੇ ਤੱਕ ਚਲਦਾ ਰਹਿ ਸਕਦਾ ਹੈ ਪਰੰਤੂ ਸਾਹ ਲੈਣ ਬਗੈਰ ਤਾਂ ਜੀਵਨ ਦਾ ਅੰਤ ਹੋਣਾ ਲਾਜ਼ਮੀ ਹੈ। ਕੁਦਰਤ ਤਾਂ ਪੇੜ ਪੌਦਿਆਂ ਅਤੇ ਹਰਿਆਲੀ ਬਨਸਪਤੀ ਰਾਹੀਂ ਗੁਣਾਤਮਿਕ ਪੱਖੋਂ ਸਹੀ ਤੇ ਸਾਫ਼ ਹਵਾ ਪ੍ਰਦਾਨ ਕਰਦੀ ਰਹਿੰਦੀ ਹੈ। ਇਸ ਮਸਲਸਲ ਕ੍ਰਿਆ ਨਾਲ ਸ੍ਰਿਸ਼ਟੀ ਦੇ ਜੀਵ ਪ੍ਰਾਣੀ, ਪਸ਼ੂ ਪੰਛੀ ਆਪਣਾ ਜੀਵਨ ਰਾਜ਼ੀ ਖੁਸ਼ੀ ਜਿਉਂਦੇ ਹਨ। ਪਰੰਤੂ ਮਨੁੱਖ ਮੁਫ਼ਤ ਵਿੱਚ ਮਿਲੀ ਕੁਦਰਤ ਦੀ ਇਸ ਅਦੁਤੀ ਦੇਣ ਦਾ ਸਹੀ ਮੁੱਲ ਨਹੀਂ ਪਾ ਰਿਹਾ ਸਗੋਂ ਆਪਣੀ ਕੁਚੱਜੀ ਜੀਵਨ ਸ਼ੈਲੀ ਰਾਹੀਂ ਇਸ ਨਾਲ ਖਿਲਵਾੜ ਕਰਕੇ ਇਸ ਨੂੰ ਮਲੀਨ ਤੇ ਪੁਨੀਤ ਕਰਕੇ ਆਪਣੀ ਜੀਵਨ ਲੀਲ੍ਹਾ ਖੁਦ ਹੀ ਸਮਾਪਤ ਕਰਨ ਵੱਲ ਵਧ ਰਿਹਾ ਹੈ ।

ਹਵਾ ਦੀ ਗੁਣਵੱਤਾ ਨੂੰ ਨੁਕਸਾਨ ਪਹੁੰਚਾਉਣ ਲਈ ਧਰਤੀ ਤੇ ਰਹਿਣ ਵਾਲਾ ਹਰ ਪ੍ਰਾਣੀ ਜਾਣੇ ਅਣਜਾਣੇ ਵਿੱਚ ਜ਼ਿੰਮੇਵਾਰ ਹੈ। ਜ਼ਿੰਦਾ ਰਹਿਣ ਲਈ ਹਰ ਵਿਅਕਤੀ ਸਾਹ ਰਾਹੀਂ ਸ਼ੁੱਧ ਵਾਯੂ (ਆਕਸੀਜਨ) ਦਾ ਸੇਵਨ ਕਰਦਾ ਅਤੇ ਸਾਹ ਛੱਡਣ ਵੇਲੇ ਕਾਰਬਨ ਡਾਇਆਕਸਾਈਡ ਭਰਪੂਰ ਹਵਾ ਬਾਹਰ ਕੱਢਦਾ ਹੈ। ਵੱਡੀ ਮਾਤਰਾ ਵਿੱਚ ਲਗਾਤਾਰ ਹੋ ਰਹੀ ਇਸ ਪ੍ਰਕ੍ਰਿਆ ਕਰਕੇ ਵਾਯੂਮੰਡਲ ਦੀ ਸ਼ੁੱਧਤਾ 'ਤੇ ਨਿਸ਼ਚੇ ਹੀ ਅਸਰ ਪੈਂਦਾ ਹੋਵੇਗਾ। ਇਸ ਤੋਂ ਇਲਾਵਾ ਮਨੁੱਖ ਦੇ ਮਲਮੂਤਰ ਦੀ ਰੋਜ਼ਾਨਾ ਨਿਕਾਸੀ ਵੀ ਪ੍ਰਯਾਵਰਣ ਦੇ ਦੂਸ਼ਿਤ ਹੋਣ ਦਾ ਕਾਰਣ ਬਣਦੀ ਹੈ। ਵੱਡੇ ਵੱਡੇ ਸ਼ਹਿਰਾਂ ਦੀ ਵੱਡੀ ਆਬਾਦੀ ਦਾ ਮਲ ਮੂਤਰ ਨਦੀ ਨਾਲਿਆਂ ਆਦਿ ਚੌਗਿਰਦਾ

ਗੰਧਲਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਪ੍ਰੰਤੂ ਜੀਵਿਤ ਪ੍ਰਾਣੀਆਂ ਲਈ ਲੋੜੀਂਦੀ ਹਵਾ ਸ਼ੁੱਧ ਕਰਨ ਲਈ ਕੁਦਰਤ ਨੇ ਪੇੜ ਪੌਦਿਆਂ ਜਾਂ ਬਨਸਪਤੀ ਦੀ ਡਿਊਟੀ ਲਾਈ ਹੋਈ ਹੈ ਜਿਹੜੇ ਕਿ ਮਨੁੱਖ ਰਾਹੀਂ ਛੱਡੀ ਕਾਰਬਨ ਡਾਇਅਕਸਾਈਡ ਨੂੰ ਖੁਰਾਕ ਦੇ ਤੌਰ ਤੇ ਸੇਵਨ ਕਰਨ ਅਤੇ ਆਕਸੀਜਨ ਪੈਦਾ ਕਰਨ ਦਾ ਕੰਮ ਕਰਦੇ ਹਨ। ਭਾਵੇਂ ਕਿ ਰਾਤ ਦੇ ਸਮੇ ਥੋੜੇ ਜਿਹੇ ਬੂਟਿਆਂ ਜਿਵੇਂ ਪਿੱਪਲ, ਬਰੋਟਾ, ਨਿੰਮ ਆਦਿ ਨੂੰ ਛੱਡ ਕੇ ਬਾਕੀ ਸਾਰੇ ਦੇ ਸਾਰੇ ਬੂਟੇ ਕਾਰਬਨਡਾਇਆਕਸਾਈਡ ਹੀ ਛੱਡਦੇ ਹਨ। ਜੀਵ-ਜੰਤੂਆਂ ਵਲੋਂ ਆਕਸੀਜਨ ਦੀ ਕੀਤੀ ਜਾਂਦੀ ਖਪਤ ਦੀ ਤੁਲਨਾ ਵਿੱਚ ਪੇੜ ਪੌਦੇ ਭਾਰੀ ਮਾਤਰਾ ਵਿੱਚ ਲੱਗੇ ਹੋਏ ਹੋਣ ਤਾਂ ਜੀਆਂ ਦੇ ਜੀਵਿਤ ਰਹਿਣ ਲਈ ਲੋੜੀਂਦੀ ਮਾਤਰਾ ਵਿੱਚ ਸ਼ੁੱਧ ਹਵਾ ਦੀ ਭਰਪਾਈ ਹੋ ਸਕਦੀ ਹੈ ।

ਵਾਤਾਵਰਣ ਦਾ ਪ੍ਰਦੂਸ਼ਿਤ ਹੋਣਾ ਜੀਊਂਦੇ ਪ੍ਰਾਣੀਆਂ ਲਈ ਇੱਕ ਵੱਡੀ ਤ੍ਰਾਸਦੀ ਜਾਂ ਆਫ਼ਤ ਹੈ। ਸਿਹਤ ਵਿਗਿਆਨੀਆਂ ਅਨੁਸਾਰ ਦੂਸ਼ਿਤ ਹਵਾ ਵਿੱਚ ਲਗਾਤਾਰ ਸਾਹ ਲੈਣ ਨਾਲ ਜੀਵਿਤ ਪ੍ਰਾਣੀਆਂ ਨੂੰ ਬੇਹੱਦ ਨੁਕਸਾਨ ਪੁੱਜਦਾ ਹੈ। ਉਨ੍ਹਾਂ ਅਨੁਸਾਰ ਗੰਧਲੇ ਪ੍ਰਯਾਵਰਣ ਵਿੱਚ ਰਹਿਣ ਨਾਲ ਜਾਂ ਉਸ ਵਿੱਚ ਲਗਾਤਾਰ ਸਾਹ ਲੈਣ ਨਾਲ ਬੰਦੇ ਦੀ ਉਮਰ ਤਕਰੀਬਨ ਪੰਦਰਾਂ ਪ੍ਰਤੀਸ਼ਤ ਤਾਂ ਹਰ ਹਾਲਤ ਵਿੱਚ ਘੱਟ ਹੋ ਜਾਂਦੀ ਹੈ। ਜਲਦੀ ਬੁਢਾਪਾ ਆਉਣ ਦਾ ਵੀ ਇਹ ਕਾਰਣ ਬਣਦਾ ਹੈ। ਵਾਤਾਵਰਣ ਦੇ ਪ੍ਰਦੂਸ਼ਨ ਨਾਲ ਪੈਦਾ ਹੋਣ ਵਾਲੀ ਤ੍ਰਾਸਦੀ, ਕੁਦਰਤੀ ਤ੍ਰਾਸਦੀਆਂ ਦੀ ਤਰ੍ਹਾਂ ਤਤਫਟ ਆਪਣਾ ਆਫ਼ਤੀ ਜਲਵਾ ਵਿਖਾ ਕੇ ਖਤਮ ਨਹੀਂ ਹੋ ਜਾਂਦੀ ਸਗੋਂ ਇਹ ਹੌਲੀ ਹੌਲੀ ਨਰ ਸੰਘਾਰ ਕਰਦੀ ਰਹਿੰਦੀ ਹੈ। ਇਸ ਭਿਆਨਕ ਤ੍ਰਾਸਦੀ ਦਾ ਦਾਇਰਾ ਕੇਵਲ ਨਰ ਸੰਘਾਰ ਤੱਕ ਹੀ ਸੀਮਿਤ ਨਹੀਂ ਸਗੋਂ ਇਸ ਦਾ ਕੁਪ੍ਰਭਾਵ ਪਸ਼ੂ, ਪੰਛੀਆਂ ਅਤੇ ਹਰਿਆਲੀ ਬਨਾਸਪਤੀ ਤੇ ਵੀ ਪੈਂਦਾ ਵੇਖਿਆ ਜਾ ਸਕਦਾ ਹੈ । ਭਾਵੇਂ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਸ ਤ੍ਰਾਸਦੀ ਸਬੰਧੀ ਚਰਚਾ, ਸੰਵਾਦ ਹੁੰਦੇ ਰਹਿੰਦੇ ਹਨ ਪਰੰਤੂ ਪੂਰੀ ਸ਼ਿੱਦਤ ਨਾਲ ਇਸ ਤ੍ਰਾਸਦੀ ਤੋਂ ਛੁਟਕਾਰਾ ਪਾਉਣ ਦੀ ਸਹੀ ਚਾਰਾਜੋਈ ਨਹੀਂ ਕੀਤੀ ਜਾ ਰਹੀ ਹੈ। ਸਿਆਸੀ ਹੁਕਮਰਾਨਾਂ ਨੂੰ ਗੱਦੀਆਂ ਸੰਭਾਲਣ ਅਤੇ ਹਾਸਿਲ ਕਰਨ ਤੋਂ ਵਿਹਲ ਨਹੀਂ ਮਿਲਦੀ, ਮਨੁੱਖਤਾ ਨੂੰ ਬਚਾਉਣ ਲਈ ਉਨ੍ਹਾਂ ਪਾਸ ਕੋਈ ਖਾਸ ਅਜੰਡਾ ਨਹੀਂ ਹੈ। ਇਸ ਤ੍ਰਾਸਦੀ ਦੀ ਰੋਕਥਾਮ ਲਈ ਸਮਾਜਿਕ ਭਲਾਈ ਦੀਆਂ ਸੰਸਥਾਵਾਂ ਦੀ ਸਮਰੱਥਾ ਬੜੀ ਸੀਮਿਤ ਹੈ। ਅਜੋਕੀ ਪ੍ਰਸਥਿਤੀਆਂ ਦੇ ਮੱਦੇਨਜ਼ਰ ਮਨੁੱਖਾਂ ਵਲੋਂ ਇਸ ਖੁਦ ਦੀ ਸਹੇੜੀ ਆਫ਼ਤ 'ਤੇ ਕਾਬੂ ਪਾਉਣ ਵਾਸਤੇ ਹਰ ਵਿਅਕਤੀ ਨੂੰ ਖੁਦ ਪਹਿਲਕਦਮੀ ਕਰਨੀ ਪਵੇਗੀ। ਸਰਕਾਰਾਂ 'ਤੇ ਨਿਰਭਰ ਰਹਿ ਕੇ ਲੋੜੀਂਦੇ ਸੁਧਾਰ ਦੀ ਆਸ ਕਰਨੀ ਕਾਫ਼ੀ ਨਹੀਂ ਹੈ ਸਗੋਂ ਹਰ ਵਿਅਕਤੀ ਨੂੰ ਇਸ ਸਬੰਧੀ ਭਰਪੂਰ ਯੋਗਦਾਨ ਪਾਉਣਾ ਪਵੇਗਾ। ਇਸ ਤੋਂ ਇਲਾਵਾ ਸਥਿਤੀ ਸੁਧਾਰਨ ਲਈ ਜੇਕਰ ਸਰਕਾਰਾਂ ਵੱਲੋਂ ਕੁੱਝ ਸਕੀਮਾਂ ਜਾਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਤਾਂ ਸਾਨੂੰ ਸਾਰਿਆਂ ਨੂੰ ਉਨ੍ਹਾਂ ਦਾ ਪਾਲਨ ਕਰਨ ਵਿੱਚ ਪੂਰੀ ਈਮਾਨਦਾਰੀ ਅਤੇ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ ।

* * * * *

## ਰਹੱਸਮਈ ਅਸੀਮ ਬ੍ਰਹਿਮੰਡ

### ਇੱਕ ਤਸਵੀਰ ਵਿੱਚ

ਬ੍ਰਹਿਮੰਡ ਕਿੰਨਾ ਵਿਸ਼ਾਲ ਹੈ, ਇਸ ਦਾ ਅੰਦਾਜ਼ਾ ਆਮ ਬੰਦੇ ਨੂੰ ਨਹੀਂ ਹੈ। ਪਰ ਵਿਗਿਆਨੀਆਂ ਨੇ ਹੁਣ ਤੱਕ ਜਿੰਨਾਂ ਬ੍ਰਹਿਮੰਡ ਦੇਖਿਆ ਹੈ ਉਸ ਨੂੰ ਇੱਕ ਤਸਵੀਰ ਵਿੱਚ ਉਤਾਰਨ ਦਾ ਯਤਨ ਕੀਤਾ ਹੈ। ਅਮਰੀਕੀ ਖਗੋਲ ਸੰਸਥਾ, ਨਾਸਾ ਵਲੋਂ ਜਾਰੀ ਕੀਤੇ ਗਏ ਇਸ ਚਿੱਤ੍ਰ ਨੂੰ ਦੁਨੀਆਂ ਦੇ ਹਜ਼ਾਰਾਂ ਵਿਗਿਆਨੀਆਂ ਨੇ ਖਗੋਲੀ ਦੂਰਬੀਨਾਂ ਅਤੇ ਰਾਡਾਰਾਂ ਦੀ ਸਹਾਇਤਾ ਨਾਲ ਤਿਆਰ ਕੀਤਾ ਹੈ। ਇਸ ਅਨੁਸਾਰ ਦੇਖੇ ਜਾ ਸਕਣ ਵਾਲੇ ਬ੍ਰਹਿਮੰਡ ਦਾ ਆਕਾਰ 28.5 ਗੀਗਾਪਾਰਸੈਕ ਭਾਵ 93 ਅਰਬ ਪ੍ਰਕਾਸ਼ ਸਾਲ ਹੈ।( ਇੱਕ ਪ੍ਰਕਾਸ਼ ਸਾਲ ਉਹ ਫਾਸਲਾ ਹੈ ਜੋ ਰੌਸ਼ਨੀ ਇੱਕ ਸਾਲ ਵਿੱਚ ਤੈਅ ਕਰਦੀ ਹੈ, ਇਹ 10 ਬਿਲੀਅਨ ਕਿਲੋਮੀਟਰ ਬਣਦਾ ਹੈ ਅਤੇ ਇੱਕ ਪਾਰਸੈਕ 3.26 ਪ੍ਰਕਾਸ਼ ਸਾਲ ਦਾ ਹੁੰਦਾ ਹੈ)। ਇਸ ਵਿੱਚੋਂ ਅਜੇ ਤੱਕ ਕੇਵਲ 14.26 ਗੀਗਾਪਾਰਸੈਕ ਅਰਥਾਤ 4650 ਕਰੋੜ ਪ੍ਰਕਾਸ਼ ਸਾਲਾਂ ਦੀ ਦੂਰੀ ਤੱਕ ਵਿਗਿਆਨੀ ਦੇਖ ਸਕੇ ਹਨ। ਇਹ ਨਕਸ਼ਾ ਤਿਆਰ ਕਰਨ ਲਈ ਹੁਣ ਤੱਕ ਛੇ ਵੱਡੇ ਪੱਧਰ ਵਾਲੇ ਸਰਵੇ ਹੋ ਚੁੱਕੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇਸ ਵਿੱਚ 30 ਤੋਂ 200 ਮੈਗਾਪਾਰਸੈਕ ਜਿੰਨੀਆਂ ਲੰਬੀਆਂ ਆਕ੍ਰਿਤੀਆਂ ਮੌਜੂਦ ਹਨ। ਇਨ੍ਹਾਂ ਵਿੱਚ ਖਗੋਲੀ ਦੀਵਾਰਾਂ, ਗਲੈਕਸੀਆਂ ਦੇ ਸਮੂਹ, ਗਲੈਕਸੀਆਂ ਦੇ ਗੁੱਛੇ, ਫਿਲਾਮੈਂਟਸ, ਸੁਪਰਕਲਸਟਰ, ਤਾਰੇ, ਗ੍ਰਹਿ, ਸੁਪਰਨੋਵਾ ਅਤੇ ਨੇਬੁਲਾ ਸ਼ਾਮਿਲ ਹਨ। ਇਸ ਦੇ ਬਾਵਜੂਦ ਅਜੇ ਤੱਕ ਵਿਗਿਆਨੀ ਇਸ ਬ੍ਰਹਿਮੰਡ ਦਾ ਅੰਤ ਪਾਉਣ ਵਿੱਚ ਕਾਮਯਾਬ ਹੋਣ ਦਾ ਦਾਅਵਾ ਨਹੀਂ ਕਰਦੇ।

* * * * *

.....ਸਫਾ 25 ਦੀ ਬਾਕੀ

ਪੱਕੀਆਂ ਫਸਲਾਂ ਬਰਬਾਦ ਹੋ ਰਹੀਆ ਸਨ । .... ਤੇ ਫੇਰ ਅੰਬਾਂ ਦਾ ਬੂਰ। ਇੱਕ ਦਿਨ ਇੱਕ ਬੜੀ ਹੀ ਭੈੜੀ ਖਬਰ ਆਈ ਕਿ ਸ਼ਿੰਦਾ ਦੁਸ਼ਮਣ ਨਾਲ ਲੜਦਾ ਲੜਦਾ ਸ਼ਹੀਦ ਹੋ ਗਿਆ ਹੈ। ਪਾਲੀ ਦਾ ਬਾਗ ਉਜੜ ਗਿਆ। ਕੋਈ ਕੋਇਲ਼ ਵੀ ਅੰਬਾਂ 'ਤੇ ਨਹੀ ਆਈ।.... ਅੰਬਾਂ ਦਾ ਬੂਰ ਫੇਰ ਇਕ ਵਾਰ ਜ਼ਹਿਰੀ ਹਨ੍ਹੇਰੀਆਂ ਨੇ ਝਾੜ ਦਿਤਾ ਸੀ।

# ਕੁਦਰਤ ਦਾ ਅਨਮੋਲ ਤੋਹਫਾ-ਹਾਸਾ

ਸੰਜੀਵ ਸਿੰਘ ਸੈਣੀ



ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣਨਾ ਚਾਹੀਦਾ ਹੈ। ਕਦੇ ਵੀ ਦੁਖੀ ਨਹੀਂ ਹੋਣਾ ਚਾਹੀਦਾ। ਸਾਨੂੰ ਜ਼ਿੰਦਗੀ ਹਮੇਸ਼ਾਂ ਹਰ ਪਲ ਹੱਸ ਕੇ ਖ਼ੁਸ਼ ਰਹਿ ਕੇ ਗੁਜ਼ਾਰਨੀ ਚਾਹੀਦੀ ਹੈ। ਜ਼ਿੰਦਗੀ ਸਾਨੂੰ ਜਿਉਣ ਲਈ ਮਿਲੀ ਹੈ। ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ। ਹਰ ਪਲ ਖੁਸ਼ ਰਹਿ ਕੇ ਬਿਤਾਓ। ਭਾਵ ਜੇ ਮਾੜਾ ਸਮਾਂ ਵੀ ਆ ਗਿਆ ਤਾਂ ਜ਼ਿਆਦਾ ਦੁੱਖ ਵਿੱਚ ਦੁਖੀ ਨਾ ਹੋਵੋ। ਸੁਖ-ਦੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਜੇ ਮਾੜਾ ਸਮਾਂ ਹੈ ਤਾਂ ਚੰਗਾ ਵੀ ਆਵੇਗਾ। ਚੰਗੇ ਸਮੇਂ ਵਿੱਚ ਜ਼ਿਆਦਾ ਖੁਸ਼ੀ ਵੀ ਨਾ ਮਨਾਉ। ਕਦੇ ਵੀ ਆਪਣੀ ਕਿਸਮਤ ਨੂੰ ਦੋਸ਼ੀ ਨਾ ਠਹਿਰਾਈਏ। ਕਈ ਵਾਰ ਅਸੀਂ ਕਿਸੇ ਹੋਰ ਦੀ ਗੱਲ ਕਰ ਕੇ ਆਪਣੇ ਘਰ ਵਿੱਚ ਬਹੁਤ ਜ਼ਿਆਦਾ ਨਕਾਰਾਤਮਕ ਭਾਵ ਪੈਦਾ ਕਰ ਲੈਂਦੇ ਹਾਂ। ਅਕਸਰ ਪਰਿਵਾਰ ਵਿੱਚ ਕਈ ਵਾਰ ਤਕਰਾਰ ਹੋ ਜਾਂਦੇ ਹਨ। ਪਰਿਵਾਰ ਵਿੱਚ ਕਈ ਅਜਿਹੇ ਮੈਂਬਰ ਵੀ ਹੁੰਦੇ ਹਨ ਜੋ ਅਜਿਹੇ ਤਕਰਾਰਾਂ ਨੂੰ ਕੁੱਝ ਸਮਝਦੇ ਹੀ ਨਹੀਂ। ਭਾਵ ਕਿ ਜ਼ਿੰਦਗੀ ਨੂੰ ਹੱਸ ਖੇਲ ਕੇ ਗੁਜ਼ਾਰ ਲੈਂਦੇ ਹਨ। ਕਈ ਵਾਰ ਕਈ ਇਨਸਾਨ ਛੋਟੇ ਛੋਟੇ ਤਕਰਾਰ, ਛੋਟੀਆਂ ਛੋਟੀਆਂ ਗੱਲਾਂ ਨੂੰ ਹੀ ਦਿਲ 'ਤੇ ਲਾ ਕੇ ਬੈਠ ਜਾਂਦੇ ਹਨ। ਆਪ ਵੀ ਪਰੇਸ਼ਾਨ ਹੁੰਦੇ ਹਨ ਤੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੰਦੇ ਹਨ। ਅਜਿਹਾ ਦੇਖਣ ਨੂੰ ਆਉਂਦਾ ਹੈ ਕਿ ਅਜਿਹੇ ਇਨਸਾਨ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ। ਗੱਲ ਕੁੱਝ ਵੀ ਨਹੀਂ ਹੁੰਦੀ, ਪਰ ਗੱਲ ਨੂੰ ਦਿਲ 'ਤੇ ਲਗਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ।

ਅਸੀਂ ਕਹਿ ਦਿੰਦੇ ਹਾਂ ਕਿ ਉਸ ਦੀ ਕਿਸਮਤ ਬਹੁਤ ਚੰਗੀ ਹੈ। ਫਲਾਣਾ ਬੰਦਾ ਬਹੁਤ ਘੱਟ ਮਿਹਨਤ ਕਰ ਕੇ ਬਹੁਤ ਕੁੱਝ ਕਮਾ ਲੈਂਦਾ ਹੈ। ਉਸ ਨੂੰ ਬਹੁਤ ਘੱਟ ਮਿਹਨਤ ਕਰਨੀ ਪਈ। ਉਸ ਨੂੰ ਆਪਣੀ ਕਿਸਮਤ ਤੋਂ ਜ਼ਿਆਦਾ ਮਿਲ ਗਿਆ। ਉਸ ਨੂੰ ਉਸ ਦੇ ਮਾਤਾ ਪਿਤਾ ਨੇ ਬਹੁਤ ਕੁੱਝ ਦਿੱਤਾ ਹੈ। ਜਿੰਨਾ ਕੁ ਉਹ ਇਨਸਾਨ ਉਸ ਦੇ ਲਾਇਕ ਵੀ ਨਹੀਂ ਸੀ, ਫਿਰ ਵੀ ਪਤਾ ਨਹੀਂ ਉਸ ਨੂੰ ਕਿਹੜਾ ਖ਼ਜ਼ਾਨਾ ਮਿਲ ਚੁਕਿਆ ਹੈ। ਕਹਿਣ ਦਾ ਮਤਲਬ ਇਹ ਹੈ ਕਿ ਸਾਡੇ ਅੰਦਰ ਉਸ ਇਨਸਾਨ ਪ੍ਰਤਿ ਜਲਣ ਦੇ ਵਿਚਾਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਅਜਿਹਾ ਕੋਈ ਇਨਸਾਨ ਨਹੀਂ ਜਿਸ ਦੀ ਜ਼ਿੰਦਗੀ ਵਿੱਚ ਕਦੇ ਵੀ ਉਤਰਾਅ-ਚੜ੍ਹਾਅ ਨਾ ਆਏ ਹੋਣ। ਅਸੀਂ ਦੇਖਦੇ ਹਾਂ ਕਿ ਗਰਮੀ ਹੈ ਤਾਂ ਸਰਦੀ ਦਾ ਮੌਸਮ ਵੀ ਆਉਂਦਾ ਹੈ। ਜੇ ਬਰਸਾਤ ਹੁੰਦੀ ਹੈ ਤਾਂ ਉਸ ਤੋਂ ਬਾਅਦ ਮੌਸਮ ਸਾਫ ਵੀ ਹੋ ਜਾਂਦਾ ਹੈ। ਜੇ ਦਿਨ ਚੜ੍ਹਦਾ ਹੈ ਤਾਂ ਰਾਤ ਵੀ ਆਉਂਦੀ ਹੈ। ਕਹਿਣ ਦਾ ਭਾਵ ਹੈ ਕਿ ਹਮੇਸ਼ਾਂ ਇੱਕ ਹੀ ਪ੍ਰਕਾਰ ਦੀ ਜ਼ਿੰਦਗੀ ਨਹੀਂ ਰਹਿੰਦੀ। ਹਮੇਸ਼ਾਂ ਇੱਕ ਹੀ ਤਰਾਂ ਦਾ ਸਮਾਂ ਨਹੀਂ ਰਹਿੰਦਾ। ਸਮਾਂ ਸਾਰਿਆਂ ਦਾ ਹੀ ਬਦਲਦਾ ਹੈ। ਚਾਹੇ ਅੱਜ ਬਦਲੇ ਜਾਂ ਕੁੱਝ ਦਿਨਾਂ ਬਾਅਦ ਬਦਲੇ। ਹਮੇਸ਼ਾਂ ਪੰਜੇ ਉਂਗਲਾਂ ਇਕਸਮਾਨ ਨਹੀਂ ਹੁੰਦੀਆਂ। ਕੁਦਰਤ ਹਰ ਇਨਸਾਨ ਨੂੰ ਮੌਕਾ ਦਿੰਦੀ ਹੈ। ਭਾਵ ਜੇ ਕਦੇ ਮਾੜਾ ਸਮਾਂ ਆ ਵੀ ਗਿਆ ਤਾਂ ਕਦੇ ਵੀ ਇੰਝ ਨਾ ਸੋਚੋ ਕਿ ਮੇਰੀ ਕਿਸਮਤ ਜਾਂ ਜ਼ਿੰਦਗੀ ਵਿੱਚ ਹਨੇਰਾ ਹੀ ਆ ਗਿਆ ਹੈ। ਦਾਤੇ ਨੇ ਸਾਰੇ ਇਨਸਾਨਾਂ ਲਈ ਬਹੁਤ ਕੁੱਝ ਬਣਾਇਆ ਹੋਇਆ ਹੈ। ਜਿਸ ਨੇ ਸਾਨੂੰ ਧਰਤੀ 'ਤੇ ਭੇਜਿਆ ਹੈ, ਉਸ ਨੇ ਸਾਡਾ ਕੋਈ ਹੀਲਾ-ਵਸੀਲਾ ਵੀ ਕਰ ਦੇਣਾ ਹੈ। ਪਰ ਸਾਨੂੰ ਕਰਮ ਕਰਨਾ ਪਵੇਗਾ। ਦਿਲ ਲਗਾ ਕੇ ਮਿਹਨਤ ਕਰਨੀ ਪਵੇਗੀ। ਤਾਂ ਹੀ ਅਸੀਂ ਮੰਜ਼ਿਲ ਵੱਲ ਆਪਣੇ ਕਦਮ ਵਧਾ ਸਕਾਂਗੇ। ਇਹ ਨਹੀਂ ਹੈ ਕਿ ਸਾਨੂੰ ਪੱਕੀ ਪਕਾਈ ਖਿਚੜੀ ਜਾਂ ਕੋਈ ਥਾਲੀ ਪਰੋਸ ਕੇ ਸਾਡੇ ਸਾਹਮਣੇ ਰੱਖ ਦੇਵੇਗਾ। ਦੇਖੋ ਮਿਹਨਤ ਤਾਂ ਕਰਨੀ ਹੀ ਪਵੇਗੀ। ਬਿਨਾਂ ਕਰਮ ਕੀਤੇ ਕੁੱਝ ਨਹੀਂ ਮਿਲਣਾ। ਕਦੇ ਨਿਰਾਸ਼ ਨਾ ਹੋਵੋ। ਆਪਣਾ ਦਿਲ ਕਦੇ ਵੀ ਛੋਟਾ ਨਾ ਕਰੋ। ਤੁਸੀਂ ਇਹ ਸੋਚੋ ਕਿ ਕਿ ਪਰਮਾਤਮਾ ਨੇ ਸਾਡੇ ਲਈ ਬਹੁਤ ਵਧੀਆ ਕੁੱਝ ਰੱਖਿਆ ਹੋਇਆ ਹੈ। ਹਰ ਇੱਕ ਦਿਨ ਸਾਡੇ ਲਈ ਕੁੱਝ ਨਾ ਕੁੱਝ ਲੈ ਕੇ ਆਉਂਦਾ ਹੈ। ਹਮੇਸ਼ਾਂ ਜ਼ਿੰਦਗੀ ਵਿੱਚ ਖੁਸ਼ ਰਹਿਣਾ ਸਿੱਖੀਏ। ਜਿੰਨਾ ਵੀ ਸਾਡੇ ਕੋਲ ਹੈ ਉਸ ਵਿੱਚ ਸਬਰ ਸੰਤੋਖ ਰੱਖੀਏ। ਨਿਮਰਤਾ, ਪਿਆਰ, ਸਤਿਕਾਰ ਅਤੇ ਸਹਿਨਸ਼ੀਲਤਾ ਜ਼ਿੰਦਗੀ ਵਿੱਚ ਜ਼ਰੂਰੀ ਹੈ। ਕਦੇ ਵੀ ਗੁੱਸੇ ਨਾ ਹੋਵੋ। ਚਲੋ ਜੇ ਕਦੇ ਗੁੱਸਾ ਆ ਵੀ ਜਾਂਦਾ ਹੈ ਤਾਂ ਘਰ ਵਿੱਚ ਕਲੇਸ਼ ਖੜ੍ਹਾ ਨਾ ਕਰੋ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ। ਜੇ ਕਦੇ ਘਰਦਿਆਂ ਨਾਲ ਮਨਮੁਟਾਵ ਹੋ ਵੀ ਜਾਂਦਾ ਹੈ ਤਾਂ ਕਿਸੇ ਪਾਰਕ ਵਿੱਚ ਚਲੇ ਜਾਓ,ਸੈਰ 'ਤੇ ਨਿਕਲ ਜਾਓ।

.... ਸਫਾ 31 ਦੀ ਬਾਕੀ

ਇਸ ਪਿੰਡ ਦੇ ਗੰਗਾ ਸਿੰਘ ਪਹਿਲਵਾਨ, ਅਜੀਤ ਸਿੰਘ ਹਕੀਮ ਆਪਣੇ ਸਮੇਂ ਇਲਾਕੇ ਭਰ ਦੇ ਅਖਾੜਿਆਂ ਦਾ ਸ਼ਿੰਗਾਰ ਰਹੇ ਹਨ। ਸਵ ਸੂਬੇਦਾਰ ਪਿਆਰਾ ਸਿੰਘ ਚੇਪੜੂ ਹਾਕੀ ਦੇ ਕੌਮੀ ਪੱਧਰ, ਤੇਜਪਾਲ ਸਿੰਘ ਕਾਨੂੰਨਗੋ ਕਬੱਡੀ ਦੇ ਪੰਜਾਬ ਪੱਧਰ, ਮੌਜੂਦਾ ਸਮੇਂ ਨੌਜਵਾਨ ਮਨਦੀਪ ਸਿੰਘ ਨਨੂੰਆਂ ਅਤੇ ਮਨਪ੍ਰੀਤ ਸਿੰਘ ਚੇਪੜੂ ਕਬੱਡੀ ਦੇ ਸਿਰਕੱਢ ਖਿਡਾਰੀ ਹੋਏ ਹਨ। ਪਿੰਡ ਅੰਦਰ ਵਖ ਵਖ ਸਮੇਂ ਕਬੱਡੀ ਵਾਲੀਬਾਲ ਅਤੇ ਐਥਲੇਟਿਕਸ ਦੇ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਜਿਸ ਨਾਲ ਪਿੰਡ ਦੇ ਨੌਜਵਾਨ ਮਾਰੂ ਨਸ਼ਿਆਂ ਦੀ ਮਾਰ ਤੋਂ ਬਚੇ। ਹਰ ਸਾਲ ਸ੍ਰੀ ਆਨੰਦਪੁਰ ਸਾਹਿਬ ਹੋਲਾ ਮਹੱਲਾ ਮਨਾਉਣ ਜਾ ਰਹੀਆਂ ਸੰਗਤਾਂ ਲਈ ਮੁੱਖ ਸੜਕ ਉੱਤੇ ਗੁਰੂ ਕਾ ਲੰਗਰ ਸਜਾਇਆ ਜਾਂਦਾ ਹੈ। ਸੰਗਤਾਂ ਨੂੰ ਆਪਣੇ ਇਤਿਹਾਸ, ਸਿਧਾਂਤ ਅਤੇ ਵਿਰਸੇ ਬਾਰੇ ਜਾਣੂ ਕਰਵਾਉਣ ਲਈ ਸਾਲ 2012 ਤੋਂ ਹਰ ਸਮਾਗਮ ਸਮੇਂ 'ਪੁਸਤਕਾਂ ਦਾ ਲੰਗਰ' ਵੀ ਲਗਾਇਆ ਜਾਂਦਾ ਹੈ।

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਮੈਗਜ਼ੀਨ 'ਸੈਣੀ ਸੰਸਾਰ' ਦਾ 43ਵਾਂ ਅੰਕ ਲੋਕਅਰਪਣ ਕਰਦੇ ਹੋਏ ਸ. ਗੁਰਮੁਖ ਸਿੰਘ ਸੈਣੀ, ਸਾਬਕਾ ਐਮ.ਸੀ. ਰੂਪਨਗਰ




IISER ਮੁਹਾਲੀ ਦੀ ਵਿਦਿਆਰਥਣ ਸ਼ਵੇਤਾ ਸੈਣੀ ਨੂੰ ਐੱਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸ਼ਿਪ ਦਾ ਤਿੰਨ ਲੱਖ ਰੁ: ਦਾ ਚੈੱਕ ਭੇਂਟ ਕਰਦੇ ਹੋਏ ਸ. ਸੁਖਜਿੰਦਰ ਸਿੰਘ, ਡਾਇਰੈਕਟਰ ਸਾ: ਅਜੀਤ ਸਿੰਘ ਅਕੈਡਮੀ ਰੂਪਨਗਰ




ਮੁੱਖ ਮਹਿਮਾਨ ਸ. ਨਰਿੰਦਰ ਸਿੰਘ, ਡਾਇਰੈਕਟਰ ਰਜਨੀ ਹਰਬਲਜ਼ ਮਲਕਪੁਰ, 17ਵੇਂ ਖੂਨਦਾਨ ਕੈਂਪ ਦੇ ਮੌਕੇ ਖੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ।

# ਸੈਣੀ ਸੰਸਾਰ
# Saini Sansar

SAINI BHAWAN RUPNAGAR
PUNJAB
ਸਰਬਤ ਦਾ ਭਲਾ

Estb. 1971

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001